# ਗਿਆਨ, ਯੋਗ, ਪਵਿੱਤਰਤਾ, ਸ਼ਾਂਤੀ
# ਪਥ-ਪ੍ਰਦਰਸ਼ਨੀ






ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵਵਿਦਿਆਲਾ

ਪਾਂਡਵ ਭਵਨ, ਮਾਂਊਟ ਆਬੂ, (ਰਾਜਸਥਾਨ)

# ਮੈਂ ਕੌਣ ਹਾਂ?




ਮਨੁੱਖ ਆਪਣੇ ਜੀਵਨ ਵਿਚ ਕਈ ਪਹੇਲੀਆਂ ਹੱਲ ਕਰਦੇ ਹਨ ਅਤੇ ਉਸ ਦੇ ਨਤੀਜੇ ਵਜੋਂ ਇਨਾਮ ਹਾਸਲ ਕਰਦੇ ਹਨ। ਪਰੰਤੂ ਇਸ ਛੋਟੀ ਜਿਹੀ ਪਹੇਲੀ ਦਾ ਹੱਲ ਕੋਈ ਨਹੀਂ ਜਾਣਦਾ ਕਿ– "ਮੈਂ ਕੌਣ ਹਾਂ?" ਉਂਜ ਤਾਂ ਹਰ ਇਕ ਮਨੁੱਖ ਸਾਰਾ ਦਿਨ 'ਮੈਂ ਮੈਂ' ਕਹਿੰਦਾ ਹੀ ਰਹਿੰਦਾ ਹੈ, ਪਰੰਤੂ ਜੇਕਰ ਉਸ ਨੂੰ ਪੁਛਿਆ ਜਾਵੇ ਕਿ "ਮੈਂ" ਕਹਿਣ ਵਾਲਾ ਕੌਣ ਹੈ, ਤਾਂ ਉਹ ਕਹੇਗਾ ਕਿ – 'ਮੈਂ' ਕ੍ਰਿਸ਼ਨ ਚੰਦ ਹਾਂ ਜਾਂ 'ਮੈਂ' ਲਾਲ ਚੰਦ ਹਾਂ। ਪਰੰਤੂ ਸੋਚਿਆ ਜਾਵੇ ਤਾਂ ਅਸਲ ਵਿਚ ਇਹ ਤਾਂ ਸਰੀਰ ਦਾ ਨਾਂ ਹੈ, ਸਰੀਰ ਤਾਂ 'ਮੇਰਾ' ਹੈ, 'ਮੈਂ' ਤਾਂ ਸਰੀਰ ਤੋਂ ਅਲੱਗ ਹੈ। ਬੱਸ, ਇਸ ਛੋਟੀ ਜਿਹੀ ਪਹੇਲੀ ਦਾ ਪ੍ਰੈਕਟੀਕਲ ਹਲ ਨਾ ਜਾਣਨ ਦੇ ਕਾਰਣ, ਅਰਥਾਤ ਆਪੇ ਨੂੰ ਨਾ ਜਾਣਨ ਦੇ ਕਾਰਣ, ਅੱਜ ਸਾਰੇ ਮਨੁੱਖ ਦੇਹ-ਅਭਿਮਾਨੀ (Body-conscious) ਹਨ, ਕਾਮ-ਕ੍ਰੋਧ ਆਦਿ ਵਿਕਾਰਾਂ ਦੇ ਵੱਸ ਹਨ ਅਤੇ ਦੁਖੀ ਹਨ।

ਹੁਣ ਪਰਮਪਿਤਾ ਪਰਮਾਤਮਾ ਕਹਿੰਦੇ ਹਨ ਕਿ – 'ਅੱਜ ਮਨੁੱਖ ਨੂੰ ਘੁਮੰਡ ਤਾਂ ਇਤਨਾ ਹੈ ਕਿ ਉਹ ਸਮਝਦਾ ਹੈ ਕਿ 'ਮੈਂ ਸੇਠ ਹਾਂ, ਮਾਲਕ ਹਾਂ, ਅਫ਼ਸਰ ਹਾਂ,..' ਪਰੰਤੂ ਉਸ ਵਿਚ ਅਗਿਆਨ ਕਿਤਨਾ ਹੈ ਕਿ ਉਹ ਆਪਣੇ ਆਪ ਨੂੰ ਵੀ ਨਹੀਂ ਜਾਣਦਾ। "ਮੈਂ ਕੌਣ ਹਾਂ?; ਇਹ ਸ੍ਰਿਸ਼ਟੀ ਰੂਪੀ ਖੇਲ੍ਹ, ਆਦਿ ਤੋਂ ਅੰਤ ਤਕ, ਕਿਵੇਂ ਬਣਿਆ ਹੋਇਆ ਹੈ?; ਮੈਂ ਇਸ ਵਿਚ ਕਿਥੋਂ ਆਇਆ, ਕਦੋਂ ਆਇਆ, ਕਿਵੇਂ ਸੁਖ-ਸ਼ਾਂਤੀ ਦਾ ਰਾਜ ਗੁਆਇਆ ਅਤੇ ਪਰਮਪਿਆਰੇ ਪਰਮਪਿਤਾ ਪਰਮਾਤਮਾ (ਇਸ ਸ੍ਰਿਸ਼ਟੀ ਦੇ ਰਚਤਾ) ਕੌਣ ਹਨ?" ਇਨ੍ਹਾਂ ਭੇਦਾਂ ਨੂੰ ਕੋਈ ਵੀ ਨਹੀਂ ਜਾਣਦਾ। ਹੁਣ ਜੀਵਨ ਦੀ ਇਸ ਪਹੇਲੀ (puzzle of life) ਨੂੰ ਫੇਰ ਜਾਣ ਕੇ ਮਨੁੱਖ ਦੇਹੀ-ਅਭਿਮਾਨੀ (soul-conscious) ਬਣ ਸਕਦਾ ਹੈ ਅਤੇ ਫੇਰ ਉਸ ਦੇ ਨਤੀਜੇ ਵਜੋਂ ਨਰ ਨੂੰ ਸ਼੍ਰੀ ਨਰਾਇਣ ਅਤੇ ਨਾਰੀ ਨੂੰ ਸ੍ਰੀ ਲਕਸ਼ਮੀ ਪਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਨੂੰ ਮੁਕਤੀ ਅਤੇ ਜੀਵਨ ਮੁਕਤੀ ਮਿਲ ਜਾਂਦੀ ਹੈ। ਉਹ ਸੰਪੂਰਣ ਪਵਿੱਤ੍ਰਤਾ, ਸੁਖ ਅਤੇ ਸ਼ਾਂਤੀ ਨੂੰ ਪਾ ਲੈਂਦਾ ਹੈ।

# ਪਥ-ਪ੍ਰਦਰਸ਼ਨੀ

ਜਦੋਂ ਕੋਈ ਮਨੁੱਖ ਦੁਖੀ ਅਤੇ ਅਸ਼ਾਂਤ ਹੁੰਦਾ ਹੈ ਤਾਂ ਉਹ ਪ੍ਰਭੂ ਨੂੰ ਹੀ ਪੁਕਾਰ ਕੇ ਕਹਿੰਦਾ ਹੈ- "ਹੇ ਦੁਖ-ਹਰਤਾ, ਸੁਖ-ਕਰਤਾ ਸ਼ਾਂਤੀ-ਦਾਤਾ ਪ੍ਰਭੂ, ਮੈਨੂੰ ਸ਼ਾਂਤੀ ਦਿਉ।" ਵਿਕਾਰਾਂ ਦੇ ਵਸ ਹੋਇਆ ਮਨੁੱਖ ਪਵਿੱਤਰਤਾ ਦੇ ਲਈ ਵੀ ਪਰਮਾਤਮਾ ਦੀ ਹੀ ਆਰਤੀ ਕਰਦੇ ਹੋਏ ਕਹਿੰਦਾ ਹੈ- "ਵਿਸ਼ੇ-ਵਿਕਾਰ ਮਿਟਾਵੋ, ਪਾਪ ਹਰੋ ਦੇਵਾ!" ਪਰੰਤੂ ਪਰਮਪਿਤਾ ਪਰਮਾਤਮਾ ਵਿਕਾਰਾਂ ਅਤੇ ਬੁਰਾਈਆਂ ਨੂੰ ਦੂਰ ਕਰਨ ਦੇ ਲਈ ਜਿਹੜਾ ਈਸ਼ਵਰੀ ਗਿਆਨ ਦੇਂਦੇ ਹਨ ਅਤੇ ਜੋ ਸਹਿਜ ਰਾਜਯੋਗ ਸਿਖਾਉਂਦੇ ਹਨ, ਅਕਸਰ ਮਨੁੱਖ ਉਸ ਨਾਲ ਨਾਵਾਕਿਫ਼ ਹਨ ਅਤੇ ਉਹ ਇਨ੍ਹਾਂ ਨੂੰ ਵਿਵਹਾਰਕ ਰੂਪ ਵਿਚ ਧਾਰਨ ਵੀ ਨਹੀਂ ਕਰਦੇ। ਪਰਮਪਿਤਾ ਪਰਮਾਤਮਾ ਤਾਂ ਸਾਡਾ ਪਥ-ਪ੍ਰਦਰਸ਼ਨ ਕਰਦੇ ਹਨ ਅਤੇ ਸਾਡੀ ਮਦਦ ਵੀ ਕਰਦੇ ਹਨ ਪਰੰਤੂ ਪੁਰਸ਼ਾਰਥ ਤਾਂ ਸਾਨੂੰ ਖ਼ੁਦ ਹੀ ਕਰਨਾ ਹੋਵੇਗਾ, ਤਦੇ ਤਾਂ ਅਸੀਂ ਜੀਵਨ ਵਿਚ ਸੱਚਾ ਸੁਖ ਅਤੇ ਸੱਚੀ ਸ਼ਾਂਤੀ ਪ੍ਰਾਪਤ ਕਰਾਂਗੇ ਅਤੇ ਸ੍ਰੇਸ਼ਟਾਚਾਰੀ ਬਣਾਂਗੇ।

ਅਗਲੇ ਪੰਨਿਆਂ ਤੇ ਪਰਮਪਿਤਾ ਪਰਮਾਤਮਾ ਦੁਆਰਾ ਦਿਤੇ ਗਿਆਨ ਅਤੇ ਸਹਿਜ ਰਾਜਯੋਗ ਦੇ ਮਾਰਗ ਨੂੰ ਦਰਸਾਇਆ ਗਿਆ ਹੈ। ਇਸ ਨੂੰ ਚਿੱਤਰਾਂ ਦੇ ਰੂਪ ਵਿਚ ਵੀ ਛਾਪਿਆ ਗਿਆ ਹੈ ਅਤੇ ਨਾਲ-ਨਾਲ ਹਰ ਚਿੱਤਰ ਦੀ ਵਿਆਖਿਆ ਵੀ ਦਿੱਤੀ ਗਈ ਹੈ ਤਾਂ ਕਿ ਇਨ੍ਹਾਂ ਗੁਝੇ ਭੇਦਾਂ ਨੂੰ ਬੁੱਧੀ 'ਚ ਬਿਠਾ ਸਕੋ। ਇਨ੍ਹਾਂ ਨੂੰ ਪੜ੍ਹਣ ਨਾਲ ਤੁਹਾਨੂੰ ਬਹੁਤ ਸਾਰੇ ਨਵੇਂ ਗਿਆਨ ਰਤਨ ਮਿਲਣਗੇ। ਹੁਣ ਪ੍ਰੈਕਟੀਕਲ ਤਰੀਕੇ ਨਾਲ ਰਾਜਯੋਗ ਦਾ ਅਭਿਆਸ ਸਿਖਣ ਅਤੇ ਜੀਵਨ ਦਿਵਯ ਬਣਾਉਣ ਦੇ ਲਈ ਤੁਸੀਂ ਇਸ ਈਸ਼ਵਰੀ ਵਿਸ਼ਵ-ਵਿਦਿਆਲਾ ਦੇ ਕਿਸੇ ਵੀ ਸੇਵਾ-ਕੇਂਦਰ ਤੇ ਪਧਾਰ ਕੇ ਮੁਫ਼ਤ ਹੀ ਲਾਭ ਉਠਾਓ।

## ਅੰਮ੍ਰਿਤ ਸੂਚੀ


1. ਮੈਂ ਕੌਣ ਹਾਂ ? 2
2. ਪਥ ਪ੍ਰਦਰਸ਼ਨੀ 3
3. ਆਤਮਾ ਕੀ ਹੈ ਅਤੇ ਮਨ ਕੀ ਹੈ? 4
4. ਤਿੰਨ ਲੋਕ ਕਿਹੜੇ ਹਨ ਅਤੇ ਪਰਮਾਤਮਾ ਸ਼ਿਵ ਦਾ ਧਾਮ ਕਿਹੜਾ ਹੈ? 7
5. ਇਕ ਹੈਰਾਨੀ ਵਾਲੀ ਗੱਲ 8
6. ਸਾਰੀਆਂ ਆਤਮਾਵਾਂ ਦਾ ਪਿਤਾ ਪਰਮਾਤਮਾ 11
7. ਪਰਮਾਤਮਾ ਅਤੇ ਉਨ੍ਹਾਂ ਦੇ ਦਿਵਯ ਕਰਤੱਵ 12
8. ਪਰਮਾਤਮਾ ਦਾ ਦਿਵਯ ਅਵਤਰਣ 15
9. ਸ਼ਿਵ ਅਤੇ ਸ਼ੰਕਰ ਵਿਚ ਅੰਤਰ 16
10. ਇਕ ਮਹਾਨ ਭੁੱਲ 19
11. ਸ੍ਰਿਸ਼ਟੀ ਰੂਪੀ ਉਲਟਾ ਤੇ ਨਿਰਾਲਾ ਬ੍ਰਿਛ 20
12. ਪ੍ਰਭੂ ਮਿਲਣ ਦਾ ਪੁਰਸ਼ੋਤਮ ਸੰਗਮਜੁਗ 23
13. ਮਨੁੱਖ ਦੇ 84 ਜਨਮਾਂ ਦੀ ਨਿਰਾਲੀ ਕਹਾਣੀ 24
14. ਮਨੁੱਖਾਤਮਾ 84 ਲੱਖ ਜੂਨੀਆਂ ਧਾਰਨ ਨਹੀਂ ਕਰਦੀ 27
15. ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ ਵਿਦਿਆਲਾ 28
16. ਪ੍ਰਜਾਪਿਤਾ ਬ੍ਰਹਮਾ ਅਤੇ ਜਗਦੰਬਾ ਸਰਸਵਤੀ 29
17. ਸ੍ਰਿਸ਼ਟੀ ਨਾਟਕ ਦੇ ਰਚਤਾ ਅਤੇ ਨਿਰਦੇਸ਼ਕ ਕੌਣ ਹੈ? 30
18. ਕਲਿਜੁਗ ਅਜੇ ਬੱਚਾ ਨਹੀਂ ਹੈ ਸਗੋਂ ਇਸ ਦਾ ਵਿਨਾਸ਼ ਨਜ਼ਦੀਕ ਹੈ 33
19. ਕੀ ਰਾਵਣ ਦੇ ਦਸ ਸਿਰ ਸਨ? 34
20. ਮਨੁੱਖ ਜੀਵਨ ਦਾ ਉੱਦੇਸ਼ ਕੀ ਹੈ? 37
21. ਨਿਕਟ ਭਵਿੱਖ ਵਿਚ ਸ੍ਰੀ ਕ੍ਰਿਸ਼ਨ ਆ ਰਹੇ ਹਨ 38
22. ਗੀਤਾ ਦਾ ਗਿਆਨ ਦਾਤਾ ਕੌਣ? 41
23. ਗੀਤਾ-ਗਿਆਨ ਹਿੰਸਕ ਯੁੱਧ ਕਰਾਉਣ ਲਈ ਨਹੀਂ ਦਿਤਾ ਗਿਆ ਸੀ 42
24. ਜੀਵਨ ਨੂੰ ਕਮਲ-ਫੁੱਲ ਸਮਾਨ ਕਿਵੇਂ ਬਣਾਈਏ? 45
25. ਰਾਜਯੋਗ ਦਾ ਆਧਾਰ ਤੇ ਵਿਧੀ 46
26. ਰਾਜਯੋਗ ਦੇ ਥੰਮ੍ਹ ਅਥਵਾ ਨਿਯਮ 49
27. ਰਾਜਯੋਗ ਤੋਂ ਪ੍ਰਾਪਤੀ-ਅੱਠ ਸ਼ਕਤੀਆਂ 50
28. ਰਾਜਯੋਗ ਦੀ ਯਾਤਰਾ-ਸਵਰਗ ਵਲ ਦੌੜ 53
29. ਕੁਝ ਸੇਵਾ ਕੇਂਦਰਾਂ ਦੇ ਪਤੇ 54

# ਆਤਮਾ ਕੀ ਹੈ ਅਤੇ ਮਨ ਕੀ ਹੈ?


ਆਪਣੇ ਸਾਰੇ ਦਿਨ ਦੀ ਗੱਲ-ਬਾਤ ਵਿਚ ਮਨੁੱਖ ਪਤਾ ਨਹੀਂ ਕਿੰਨੀ ਵਾਰ "ਮੈਂ" ਸ਼ਬਦ ਦਾ ਪ੍ਰਯੋਗ ਕਰਦਾ ਹੈ। ਪਰੰਤੂ ਇਹ ਇਕ ਹੈਰਾਨੀ ਦੀ ਗਲ ਹੈ ਕਿ ਰੋਜ਼ਾਨਾ "ਮੈਂ" ਅਤੇ 'ਮੇਰਾ' ਸ਼ਬਦ ਦਾ ਅਨੇਕਾਨੇਕ ਵਾਰ ਪ੍ਰਯੋਗ ਕਰਨ ਤੇ ਵੀ ਮਨੁੱਖ ਠੀਕ ਤਰ੍ਹਾਂ ਇਹ ਨਹੀਂ ਜਾਣਦਾ ਕਿ 'ਮੈਂ' ਕਹਿਣ ਵਾਲੀ ਸੱਤਾ ਦਾ ਸਰੂਪ ਕੀ ਹੈ, ਅਰਥਾਤ 'ਮੈਂ' ਸ਼ਬਦ ਜਿਹੜੀ ਚੀਜ਼ ਦਾ ਸੂਚਕ ਹੈ, ਉਹ ਕੀ ਹੈ? ਅੱਜ ਮਨੁੱਖ ਨੇ ਸਾਇੰਸ ਦੁਆਰਾ ਵੱਡੀਆਂ ਵੱਡੀਆਂ ਸ਼ਕਤੀਸ਼ਾਲੀ ਚੀਜ਼ਾਂ ਤਾਂ ਬਣਾ ਲਈਆਂ ਹਨ, ਉਸ ਨੇ ਸੰਸਾਰ ਦੀ ਅਨੇਕ ਪਹੇਲੀਆਂ ਦਾ ਹਲ ਤਾਂ ਲਭ ਲਿਆ ਹੈ ਅਤੇ ਉਹ ਦੂਜੀਆਂ ਹੋਰ ਜਟਿਲ ਸਮਸਿਆਵਾਂ ਦਾ ਹਲ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰੰਤੂ 'ਮੈਂ' ਕਹਿਣ ਵਾਲਾ ਕੌਣ ਹੈ, ਇਸ ਬਾਰੇ ਵਿਚ ਉਹ ਸੱਚਾਈ ਨੂੰ ਨਹੀਂ ਜਾਣਦਾ। ਅਰਥਾਤ, ਉਹ ਖੁਦ ਨੂੰ ਨਹੀਂ ਪਹਿਚਾਣਦਾ। ਅੱਜ ਕਿਸੇ ਮਨੁੱਖ ਕੋਲੋਂ ਪੁਛਿਆ ਜਾਵੇ ਕਿ "ਤੁਸੀਂ ਕੌਣ ਹੋ? ਅਥਵਾ ਤੁਹਾਡਾ ਕੀ ਪਰਿਚਯ ਹੈ?" ਤਾਂ ਉਹ ਝਟਪਟ ਆਪਣੇ ਸ਼ਰੀਰ ਦਾ ਨਾਂ ਦੱਸ ਦੇਵੇਗਾ ਅਥਵਾ ਜਿਹੜਾ ਧੰਦਾ ਕਰਦਾ ਹੈ ਉਹ ਉਸੇ ਦਾ ਹੀ ਨਾਂ ਦੱਸ ਦੇਵੇਗਾ।

ਅਸਲ ਵਿਚ 'ਮੈਂ' ਸ਼ਬਦ ਸ਼ਰੀਰ ਤੋਂ ਅਲੱਗ ਚੇਤਨ ਸੱਤਾ 'ਆਤਮਾ' ਦਾ ਸੂਚਕ ਹੈ ਜਿਵੇਂ ਕਿ ਚਿੱਤਰ ਵਿਚ ਦਿਖਾਇਆ ਗਿਆ ਹੈ। ਮਨੁੱਖ (ਜੀਵਾਤਮਾ) ਆਤਮਾ ਅਤੇ ਸ਼ਰੀਰ ਨੂੰ ਮਿਲਾ ਕੇ ਬਣਦਾ ਹੈ। ਜਿਵੇਂ ਸ਼ਰੀਰ ਪੰਜ ਤੱਤਾਂ (ਪਾਣੀ, ਹਵਾ, ਅੱਗ, ਅਕਾਸ਼, ਅਤੇ ਪ੍ਰਿਥਵੀ) ਨਾਲ ਬਣਿਆ ਹੋਇਆ ਹੁੰਦਾ ਹੈ ਉਸੇ ਤਰ੍ਹਾਂ ਹੀ ਆਤਮਾ, ਮਨ, ਬੁੱਧੀ ਅਤੇ ਸੰਸਕਾਰ ਵਾਲੀ ਹੁੰਦੀ ਹੈ। ਆਤਮਾ ਵਿਚ ਹੀ ਵਿਚਾਰ ਕਰਨ ਅਤੇ ਨਿਰਣਾ ਕਰਨ ਦੀ ਸ਼ਕਤੀ ਹੁੰਦੀ ਹੈ ਅਤੇ ਉਹ ਜਿਸ ਤਰ੍ਹਾਂ ਦਾ ਕਰਮ ਕਰਦੀ ਹੈ ਉਸੇ ਦੇ ਅਨੁਸਾਰ ਉਸਦੇ ਸੰਸਕਾਰ ਬਣਦੇ ਹਨ।

ਆਤਮਾ ਇਕ ਚੇਤਨ ਅਤੇ ਅਵਿਨਾਸ਼ੀ ਜੋਤੀ-ਬਿੰਦੂ ਹੈ ਜੋ ਕਿ ਮਨੁੱਖੀ ਦੇਹ ਵਿਚ ਭ੍ਰਿਕੁਟੀ ਵਿਚ ਵਾਸ ਕਰਦੀ ਹੈ। ਜਿਵੇਂ ਰਾਤ ਨੂੰ ਅਕਾਸ਼ ਵਿਚ ਚਮਕਦਾ ਹੋਇਆ ਤਾਰਾ ਇਕ ਬਿੰਦੂ-ਜਿਹਾ ਦਿਖਾਈ ਦੇਂਦਾ ਹੈ, ਉਸੇ ਤਰ੍ਹਾਂ ਹੀ ਦਿਵ੍ਯ-ਦ੍ਰਿਸ਼ਟੀ ਰਾਹੀਂ ਆਤਮਾ ਵੀ ਇਕ ਤਾਰੇ ਵਰਗੀ ਦਿਖਾਈ ਦੇਂਦੀ ਹੈ। ਇਸ ਲਈ ਇਹ ਕਿਹਾ ਵੀ ਜਾਂਦਾ ਹੈ- "ਭ੍ਰਿਕੁਟੀ ਵਿਚ ਚਮਕਦਾ ਇਕ ਅਜਬ ਸਿਤਾਰਾ, ਗਰੀਬਾਂ ਨੂੰ ਸਾਹਿਬ ਲਗਦਾ ਏ ਪਿਆਰਾ", ਆਤਮਾ ਦਾ ਵਾਸ ਭ੍ਰਿਕੁਟੀ ਵਿਚ ਹੋਣ ਦੇ ਕਾਰਣ ਹੀ ਮਨੁੱਖ ਗਹਿਰਾਈ ਨਾਲ ਸੋਚਣ ਵੇਲੇ ਇੱਥੇ ਹੀ ਹੱਥ ਰੱਖਦਾ ਹੈ। ਜਦੋਂ ਉਹ ਇਹ ਕਹਿੰਦਾ ਹੈ ਕਿ ਮੇਰੀ ਤਾਂ ਕਿਸਤਮ ਹੀ ਖੋਟੀ ਹੈ, ਤਦ ਵੀ ਉਹ ਇੱਥੇ ਹੀ ਹੱਥ ਮਾਰਦਾ ਹੈ। ਆਤਮਾ ਦਾ ਇੱਥੇ ਵਾਸ ਹੋਣ ਦੇ ਕਾਰਣ ਹੀ ਭਗਤ ਲੋਕਾਂ ਵਿਚ ਇੱਥੇ ਹੀ ਬਿੰਦੀ ਜਾਂ ਤਿਲਕ ਲਗਾਉਣ ਦਾ ਰਿਵਾਜ਼ ਹੈ। ਇਥੇ ਆਤਮਾ ਦਾ ਸੰਬੰਧ ਦਿਮਾਗ ਨਾਲ ਹੁੰਦਾ ਹੈ ਅਤੇ ਦਿਮਾਗ ਦਾ ਸੰਬੰਧ ਸਾਰੇ ਸ਼ਰੀਰ ਵਿਚ ਫੈਲੇ ਹੋਏ ਗਿਆਨ-ਤੰਤੂਆਂ ਨਾਲ ਹੈ। ਆਤਮਾ ਵਿਚ ਹੀ ਪਹਿਲਾਂ ਸੰਕਲਪ ਉਠਦਾ ਹੈ ਅਤੇ ਫੇਰ ਦਿਮਾਗ ਅਤੇ ਤੰਤੂਆਂ ਰਾਹੀਂ ਵਿਅੱਕਤ ਹੁੰਦਾ ਹੈ। ਆਤਮਾ ਹੀ ਸ਼ਾਂਤੀ ਅਥਵਾ ਦੁਖ ਦਾ ਅਨੁਭਵ ਕਰਦੀ ਅਤੇ ਨਿਰਣਾ ਕਰਦੀ ਹੈ ਅਤੇ ਇਸੇ ਵਿਚ ਹੀ ਸੰਸਕਾਰ ਰਹਿੰਦੇ ਹਨ। ਇਸ ਵਾਸਤੇ ਮਨ ਅਤੇ ਬੁੱਧੀ ਆਤਮਾ ਨਾਲੋਂ ਅਲੱਗ ਨਹੀਂ ਹਨ। ਪਰੰਤੂ ਅੱਜ ਆਤਮਾ ਖੁਦ ਨੂੰ ਭੁਲ ਕੇ ਦੇਹ-ਇਸਤਰੀ-ਪੁਰਖ, ਬੁੱਢਾ-ਜਵਾਨ ਆਦਿ ਮੰਨ ਬੈਠੀ ਹੈ। ਇਹ ਦੇਹ-ਅਭਿਮਾਨ ਹੀ ਦੁਖ ਦਾ ਕਾਰਣ ਹੈ।


ਉਪਰੋਕਤ ਭੇਦ ਨੂੰ ਮੋਟਰ ਤੇ ਡਰਾਈਵਰ ਦੇ ਉਦਾਹਰਣ ਨਾਲ ਵੀ ਸਪਸ਼ਟ ਕੀਤਾ ਗਿਆ ਹੈ। ਸ਼ਰੀਰ ਮੋਟਰ ਦੇ ਸਮਾਨ ਹੈ ਅਤੇ ਆਤਮਾ ਇਸ ਦੀ ਡਰਾਈਵਰ ਹੈ, ਅਰਥਾਤ ਜਿਵੇਂ ਡਰਾਈਵਰ ਮੋਟਰ ਨੂੰ ਕੰਟਰੋਲ ਕਰਦਾ ਹੈ, ਉਸੇ ਤਰ੍ਹਾਂ ਆਤਮਾ ਸ਼ਰੀਰ ਨੂੰ ਕੰਟਰੋਲ ਕਰਦੀ ਹੈ। ਆਤਮਾ ਦੇ ਬਿਨਾਂ ਸ਼ਰੀਰ ਮੁਰਦਾ ਹੈ ਜਿਵੇਂ ਡਰਾਈਵਰ ਦੇ ਬਿਨਾਂ ਮੋਟਰ। ਇਸ ਵਾਸਤੇ ਪਰਮਪਿਤਾ ਪਰਮਾਤਮਾ ਕਹਿੰਦੇ ਹਨ ਕਿ ਆਪਣੇ ਆਪ ਨੂੰ ਪਹਿਚਾਨਣ ਨਾਲ ਹੀ ਮਨੁੱਖ ਇਸ ਸਰੀਰ ਰੂਪੀ ਮੋਟਰ ਨੂੰ ਚਲਾ ਸਕਦਾ ਹੈ ਅਤੇ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਨਹੀਂ ਤਾਂ ਜਿਵੇਂ ਕਿ ਡਰਾਈਵਰ ਕਾਰ ਚਲਾਉਣ ਵਿਚ ਹੁਸ਼ਿਆਰ ਨਾ ਹੋਣ ਦੇ ਕਾਰਣ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਕਾਰ ਤੇ ਉਸਦੇ ਮੁਸਾਫਿਰਾਂ ਨੂੰ ਵੀ ਸੱਟਾਂ ਲਗਦੀਆਂ ਹਨ, ਇਸੇ ਤਰ੍ਹਾਂ ਜਿਹੜੇ ਮਨੁੱਖ ਨੂੰ ਆਪਣੀ ਪਹਿਚਾਣ ਨਹੀਂ ਹੈ ਉਹ ਖੁਦ ਤਾਂ ਦੁਖੀ ਅਤੇ ਅਸ਼ਾਂਤ ਹੁੰਦਾ ਹੀ ਹੈ, ਨਾਲ ਆਪਣੇ ਸੰਪਰਕ ਵਿਚ ਆਉਣ ਵਾਲੇ ਮਿੱਤਰ-ਸੰਬੰਧੀਆਂ ਨੂੰ ਵੀ ਦੁਖੀ ਤੇ ਅਸ਼ਾਂਤ ਬਣਾ ਦੇਂਦਾ ਹੈ। ਇਸ ਲਈ ਸੱਚੇ-ਸੁਖ ਅਤੇ ਸੱਚੀ ਸ਼ਾਂਤੀ ਲਈ ਖੁਦ ਨੂੰ ਜਾਨਣਾ ਬਹੁਤ ਜ਼ਰੂਰੀ ਹੈ।

# ਤੁਸੀਂ ਆਤਮਾ ਹੋ



हड्डी मांस का पुतला
आप आत्मा हैं
YOU ARE A SOUL
जीवात्मा
आत्मा
SOUL
मन
MIND
बुद्धि
INTELLECT
संस्कार
RESOLVES
SKELETON OF BONES
& FLESH
HUMAN BEING
जैसे ड्राईवर मोटर का नियन्त्रण करता है
उसी प्रकार आत्मा शरीर का नियन्त्रण करती है
शरीर रूपी मोटर BODY-THE MOTOR
आत्मा ड्राइवर
RCS 198
AS THE DRIVER CONTROLS THE
MOTOR,SOUL CONTROLS THE BODY

# ਤਿੰਨ ਲੋਕ ਕਿਹੜੇ ਹਨ
# ਅਤੇ
# ਪਰਮਾਤਮਾ ਸ਼ਿਵ ਦਾ ਧਾਮ ਕਿਹੜਾ ਹੈ ?




**सर्वव्यापकता भावना है, सिद्धांत नहीं**

**OMNIPRESENCE OF GOD IS A FEELING, NOT A FACT.**

# ਤਿੰਨ ਲੋਕ ਕਿਹੜੇ ਹਨ
# ਅਤੇ
# ਪਰਮਾਤਮਾ ਸ਼ਿਵ ਦਾ ਧਾਮ ਕਿਹੜਾ ਹੈ?

ਮਨੁੱਖਾਤਮਾਵਾਂ ਮੁਕਤੀ ਅਥਵਾ ਪੂਰਣ ਸ਼ਾਂਤੀ ਦੀ ਸ਼ੁਭ ਇੱਛਾ ਤਾਂ ਕਰਦੀਆਂ ਹਨ ਪਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਮੁਕਤੀਧਾਮ ਅਥਵਾ ਸ਼ਾਂਤੀਧਾਮ ਹੈ ਕਿੱਥੇ? ਇਸੇ ਤਰ੍ਹਾਂ, ਪਰਮਪਿਆਰੇ ਪਰਮਾਤਮਾ ਸ਼ਿਵ ਨਾਲ ਮਨੁੱਖਾਤਮਾਵਾਂ ਮਿਲਣਾ ਤਾਂ ਚਾਹੁੰਦੀਆਂ ਹਨ ਅਤੇ ਉਸਨੂੰ ਯਾਦ ਵੀ ਕਰਦੀਆਂ ਹਨ ਪਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਉਹ ਪਵਿੱਤਰ ਧਾਮ ਕਿੱਥੇ ਹੈ ਜਿਥੋਂ ਤੁਹਾਡੇ ਪਰਮਪਿਤਾ ਸ਼ਿਵ ਇਸ ਸ੍ਰਿਸ਼ਟੀ ਤੇ ਅਵਤਰਿਤ ਹੁੰਦੇ ਹਨ? ਇਹ ਕਿੰਨੇ ਆਚਰਜ ਦੀ ਗੱਲ ਹੈ ਕਿ ਜਿਥੋਂ ਅਸੀਂ ਸਾਰੀਆਂ ਮਨੁੱਖਾਤਮਾਵਾਂ ਸ੍ਰਿਸ਼ਟੀ ਰੂਪੀ ਰੰਗਮੰਚ ਤੇ ਆਈਆਂ ਹਾਂ, ਉਸ ਪਿਆਰੇ ਦੇਸ਼ ਨੂੰ ਸਾਰੀਆਂ ਭੁਲ ਗਈਆਂ ਹਨ ਅਤੇ ਵਾਪਿਸ ਵੀ ਨਹੀਂ ਜਾ ਸਕਦੀਆਂ।

**1. ਸਾਕਾਰ ਮਨੁੱਖ-ਲੋਕ**- ਸਾਹਮਣੇ ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਇਕ ਹੈ ਇਹ ਸਾਕਾਰ ਮਨੁੱਖ ਲੋਕ ਜਿਸ ਵਿਚ ਇਸ ਵੇਲੇ ਅਸੀਂ ਹਾਂ। ਇਸ ਵਿਚ ਸਾਰੀਆਂ ਮਨੁੱਖਾਤਮਾਵਾਂ ਹੱਡ-ਮਾਸ ਦਾ ਸਥੂਲ ਸ਼ਰੀਰ ਲੈ ਕੇ ਕਰਮ ਕਰਦੀਆਂ ਹਨ ਅਤੇ ਉਸ ਦਾ ਫਲ ਵੀ ਸੁਖ-ਦੁਖ ਦੇ ਰੂਪ ਵਿਚ ਭੋਗਦੀਆਂ ਹਨ ਅਤੇ ਜਨਮ-ਮਰਣ ਦੇ ਚੱਕਰ ਵਿਚ ਵੀ ਆਉਂਦੀਆਂ ਹਨ। ਇਸ ਵਿਚ ਸੰਕਲਪ, ਆਵਾਜ਼ ਅਤੇ ਕਰਮ ਤਿੰਨੋਂ ਹੀ ਹਨ। ਇਸ ਨੂੰ ਹੀ 'ਪੰਜ ਤੱਤਾਂ ਦੀ ਸ੍ਰਿਸ਼ਟੀ' ਅਥਵਾ 'ਕਰਮਖੇਤਰ' ਵੀ ਕਹਿੰਦੇ ਹਨ। ਇਹ ਸ੍ਰਿਸ਼ਟੀ ਅਕਾਸ਼ ਤੱਤ ਦੇ ਅੰਸ਼ ਮਾਤਰ ਵਿਚ ਹੈ। ਇਸ ਨੂੰ ਸਾਹਮਣੇ ਤ੍ਰਿਲੋਕ ਦੇ ਚਿੱਤਰ ਵਿਚ ਇਕ ਉਲਟੇ ਬ੍ਰਿਛ ਦੇ ਰੂਪ ਵਿਚ ਦਿਖਾਇਆ ਗਿਆ ਹੈ ਕਿਉਂਕਿ ਇਸ ਦੇ ਬੀਜ ਰੂਪ ਪਰਮਾਤਮਾ ਸ਼ਿਵ, ਜੋ ਕਿ ਜਨਮ-ਮਰਣ ਤੋਂ ਨਿਆਰੇ ਹਨ, ਉਪਰ ਰਹਿੰਦੇ ਹਨ।

**2. ਸੂਖਮ ਦੇਵਤਿਆਂ ਦਾ ਲੋਕ**- ਇਸ ਮਨੁੱਖ ਲੋਕ ਦੇ ਸੂਰਜ ਅਤੇ ਤਾਰਿਆਂ ਤੋਂ ਵੀ ਪਾਰ ਅਤੇ ਅਕਾਸ਼ ਤੱਤ ਤੋਂ ਵੀ ਪਾਰ ਇਕ ਸੂਖ਼ਮ ਲੋਕ ਹੈ ਜਿੱਥੇ ਪ੍ਰਕਾਸ਼ ਹੀ ਪ੍ਰਕਾਸ਼ ਹੈ। ਉਸ ਪ੍ਰਕਾਸ਼ ਦੇ ਅੰਸ਼ ਮਾਤਰ ਵਿਚ ਬ੍ਰਹਮਾ, ਵਿਸ਼ਨੂੰ ਅਤੇ ਮਹਾਦੇਵ ਸ਼ੰਕਰ ਦੀਆਂ ਅੱਡ-ਅੱਡ ਪੁਰੀਆਂ ਹਨ। ਇਨ੍ਹਾਂ ਦੇਵਤਿਆਂ ਦੇ ਸ਼ਰੀਰ ਹੱਡ-ਮਾਸ ਆਦਿ ਦੇ ਨਹੀਂ ਹਨ ਸਗੋਂ ਪ੍ਰਕਾਸ਼ ਦੇ ਹਨ। ਇਨ੍ਹਾਂ ਨੂੰ ਦਿਵਯ ਚਕਸ਼ੂ ਨਾਲ ਹੀ ਦੇਖਿਆ ਜਾ ਸਕਦਾ ਹੈ। ਇਥੇ ਦੁੱਖ ਅਥਵਾ ਅਸ਼ਾਂਤੀ ਨਹੀਂ ਹੁੰਦੀ। ਇਥੇ ਸੰਕਲਪ ਤਾਂ ਹੁੰਦੇ ਹਨ ਅਤੇ ਕਿਰਿਆਵਾਂ ਵੀ ਹੁੰਦੀਆਂ ਹਨ ਅਤੇ ਗੱਲ-ਬਾਤ ਵੀ ਹੁੰਦੀ ਹੈ ਪਰੰਤੂ ਆਵਾਜ਼ ਨਹੀਂ ਹੁੰਦੀ।

**3. ਬ੍ਰਹਮਲੋਕ ਅਥਵਾ ਪਰਲੋਕ**- ਇਨ੍ਹਾਂ ਪੁਰੀਆਂ ਤੋਂ ਵੀ ਪਾਰ ਇਕ ਲੋਕ ਹੈ ਜਿਸ ਨੂੰ 'ਬ੍ਰਹਮਲੋਕ' 'ਪਰਲੋਕ' 'ਨਿਰਵਾਣ-ਧਾਮ', 'ਮੁਕਤੀਧਾਮ', ਸ਼ਿਵ ਲੋਕ, ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਵਿਚ ਸੁਨਹਿਰੇ ਲਾਲ ਰੰਗ ਦਾ ਪ੍ਰਕਾਸ਼ ਫੈਲਿਆ ਹੋਇਆ ਹੈ ਜਿਸ ਨੂੰ ਹੀ ਬ੍ਰਹਮ-ਤੱਤ, ਛੇਵਾਂ ਤੱਤ ਅਥਵਾ 'ਮਹਾਤੱਤ' ਕਿਹਾ ਜਾ ਸਕਦਾ ਹੈ। ਇਸ ਦੇ ਅੰਸ਼ ਮਾਤਰ ਵਿਚ ਹੀ ਜੋਤੀ ਬਿੰਦੂ ਆਤਮਾਵਾਂ ਮੁਕਤੀ ਦੀ ਅਵਸਥਾ ਵਿਚ ਰਹਿੰਦੀਆਂ ਹਨ। ਇਥੇ ਹਰੇਕ ਧਰਮ ਦੀਆਂ ਆਤਮਾਵਾਂ ਦੇ ਅੱਡ ਅੱਡ ਸਥਾਨ (Sections) ਹਨ।

ਉਨ੍ਹਾਂ ਸਾਰਿਆਂ ਦੇ ਉਪਰ ਸਦਾ-ਮੁਕਤ, ਚੇਤਨ, ਜੋਤੀ ਬਿੰਦੂ ਰੂਪ ਪਰਮਾਤਮਾ 'ਸਦਾਸ਼ਿਵ' ਦਾ ਨਿਵਾਸ ਸਥਾਨ ਹੈ। ਇਸ ਲੋਕ ਵਿਚ ਮਨੁੱਖਾਤਮਾਵਾਂ ਕਲਪ ਦੇ ਅਖ਼ੀਰ ਵਿਚ, ਸ੍ਰਿਸ਼ਟੀ ਦਾ ਮਹਾਂਵਿਨਾਸ਼ ਹੋਣ ਤੋਂ ਬਾਅਦ ਆਪਣੇ ਆਪਣੇ ਕਰਮਾਂ ਦਾ ਫਲ ਭੋਗ ਕੇ ਅਤੇ ਪਵਿੱਤਰ ਹੋ ਕੇ ਹੀ ਜਾਂਦੀਆਂ ਹਨ। ਇੱਥੇ ਮਨੁੱਖ-ਆਤਮਾਵਾਂ ਦੇਹ ਬੰਧਨ, ਕਰਮ-ਬੰਧਨ ਅਤੇ ਜਨਮ-ਮਰਣ ਤੋਂ ਰਹਿਤ ਹੁੰਦੀਆਂ ਹਨ। ਇਥੇ ਨਾ ਸੰਕਲਪ ਹੈ, ਨਾ ਵਚਨ ਅਤੇ ਨਾ ਕਰਮ। ਇਸ ਲੋਕ ਵਿਚ ਪਰਮਪਿਤਾ ਪਰਮਾਤਮਾ ਸ਼ਿਵ ਦੇ ਸਿਵਾਏ ਦੂਜਾ ਕੋਈ 'ਗੁਰੂ' ਆਦਿ ਨਹੀਂ ਲੈ ਜਾ ਸਕਦਾ। ਇਸ ਲੋਕ ਵਿਚ ਜਾਣਾ ਹੀ ਅਮਰਨਾਥ, ਰਾਮੇਸ਼ਵਰਮ ਅਥਵਾ ਵਿਸ਼ਵੇ-ਸ਼ਵਰਨਾਥ ਦੀ ਸੱਚੀ ਯਾਤਰਾ ਕਰਨਾ ਹੈ। ਕਿਉਂਕਿ ਅਮਰਨਾਥ ਪਰਮਾਤਮਾ (ਸ਼ਿਵ) ਇਥੇ ਰਹਿੰਦੇ ਹਨ।

# ਇਕ ਹੈਰਾਨੀ ਵਾਲੀ ਗੱਲ

ਅੱਕਸਰ ਸਾਰੇ ਮਨੁੱਖ ਪਰਮਾਤਮਾ ਨੂੰ 'ਹੇ ਪਿਤਾ', 'ਹੇ ਦੁਖ-ਹਰਤਾ ਅਤੇ ਸੁਖ-ਕਰਤਾ ਪ੍ਰਭੂ' (O Heavenly God-Father) ਆਦਿ ਸੰਬੰਧ-ਸੂਚਕ ਸ਼ਬਦਾਂ ਨਾਲ ਯਾਦ ਕਰਦੇ ਹਨ। ਪਰੰਤੂ ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਜਿਸ ਨੂੰ ਉਹ 'ਪਿਤਾ' ਕਹਿ ਕੇ ਪੁਕਾਰਦੇ ਹਨ, ਉਸਦਾ ਸੱਚਾ ਅਤੇ ਸਪਸ਼ਟ ਪਰਿਚਯ ਉਨ੍ਹਾਂ ਨੂੰ ਹੈ ਨਹੀਂ ਅਤੇ ਉਨ੍ਹਾਂ ਦੇ ਨਾਲ ਠੀਕ ਤਰ੍ਹਾਂ ਪਿਆਰ ਅਤੇ ਸੰਬੰਧ ਵੀ ਨਹੀਂ ਹੈ। ਪਰਿਚਯ ਅਤੇ ਪਿਆਰ ਨਾ ਹੋਣ ਦੇ ਕਾਰਣ ਪਰਮਾਤਮਾ ਨੂੰ ਯਾਦ ਕਰਦੇ ਸਮੇਂ ਵੀ ਉਨ੍ਹਾਂ ਦਾ ਮਨ ਇਕ ਟਿਕਾਣੇ ਤੇ ਨਹੀਂ ਟਿਕਦਾ। ਇਸ ਲਈ ਉਨ੍ਹਾਂ ਨੂੰ ਪਰਮਪਿਤਾ ਪਰਮਾਤਮਾ ਕੋਲੋਂ ਸ਼ਾਂਤੀ ਅਤੇ ਸੁਖ ਦਾ ਜੋ ਜਨਮ-ਸਿੱਧ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ, ਉਹ ਪ੍ਰਾਪਤ ਨਹੀਂ ਹੁੰਦਾ। ਉਹ ਨਾ ਤਾਂ ਪਰਮਪਿਤਾ ਪਰਮਾਤਮਾ ਦੇ ਅਲੌਕਿਕ ਮਿਲਨ ਦਾ ਸੱਚਾ ਸੁਖ ਅਨੁਭਵ ਕਰ ਸਕਦੇ ਹਨ, ਨਾ ਉਸ ਕੋਲੋਂ ਲਾਈਟ (Light, ਪ੍ਰਕਾਸ਼) ਅਤੇ ਮਾਈਟ (Might, ਸ਼ਕਤੀ) ਹੀ ਪ੍ਰਾਪਤ ਕਰ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਸੰਸਕਾਰਾਂ ਅਤੇ ਜੀਵਨ ਵਿਚ ਕੋਈ ਖਾਸ ਪਰਿਵਰਤਨ ਆਉਂਦਾ ਹੈ। ਇਸ ਲਈ, ਅਸੀਂ ਇਥੇ ਉਸ ਪਰਮ ਪਿਆਰੇ ਪਰਮਪਿਤਾ ਪਰਮਾਤਮਾ ਦਾ ਸੰਖੇਪ ਪਰਿਚਯ ਦੇ ਰਹੇ ਹਾਂ ਜੋ ਕਿ ਖੁਦ ਉਨ੍ਹਾਂ ਨੇ ਹੀ ਲੋਕ-ਕਲਿਆਣ ਅਰਥ ਸਾਨੂੰ ਸਮਝਾਇਆ ਹੈ ਅਤੇ ਅਨੁਭਵ ਕਰਾਇਆ ਹੈ ਅਤੇ ਹੁਣ ਕਰਾ ਵੀ ਰਹੇ ਹਨ।

## ਪਰਮਪਿਤਾ ਪਰਮਾਤਮਾ ਦਾ ਦਿਵਯ ਨਾਂ ਅਤੇ ਉਨ੍ਹਾਂ ਦੀ ਮਹਿਮਾ

ਪਰਮਪਿਤਾ ਪਰਮਾਤਮਾ ਦਾ ਨਾਂ 'ਸ਼ਿਵ' ਹੈ। 'ਸ਼ਿਵ' ਦਾ ਅਰਥ ਕਲਿਆਣਕਾਰੀ ਹੈ। ਪਰਮਪਿਤਾ ਪਰਮਾਤਮਾ ਸ਼ਿਵ ਹੀ ਗਿਆਨ ਦੇ ਸਾਗਰ, ਸ਼ਾਂਤੀ ਦੇ ਸਾਗਰ, ਆਨੰਦ ਦੇ ਸਾਗਰ ਅਤੇ ਪ੍ਰੇਮ ਦੇ ਸਾਗਰ ਹਨ। ਉਹ ਹੀ ਪਤਿਤਾਂ ਨੂੰ ਪਾਵਨ ਕਰਨ ਵਾਲੇ, ਮਨੁੱਖ-ਮਾਤਰ ਨੂੰ ਸ਼ਾਂਤੀਧਾਮ ਅਤੇ ਸੁਖਧਾਮ ਦੀ ਰਾਹ ਦਿਖਾਉਣ ਵਾਲੇ (Guide) ਵਿਕਾਰਾਂ ਅਤੇ ਕਾਲ ਦੇ ਪੰਜੇ 'ਚੋ ਛੁੜਾਉਣ ਵਾਲੇ (Liberator) ਅਤੇ ਸਭ ਪ੍ਰਾਣੀਆਂ ਉਤੇ ਰਹਿਮ ਕਰਨ ਵਾਲੇ (Merciful) ਹਨ। ਮਨੁੱਖ-ਮਾਤਰ ਨੂੰ ਮੁਕਤੀ ਅਤੇ ਜੀਵਨਮੁਕਤੀ ਦਾ ਅਥਵਾ ਗਤੀ ਅਤੇ ਸਦਗਤੀ ਦਾ ਵਰਦਾਨ ਦੇਣ ਵਾਲੇ ਵੀ ਇਕ ਮਾਤਰ ਉਹੀ ਹਨ। ਉਹ ਦਿਵਯ-ਬੁੱਧੀ ਦੇ ਦਾਤਾ ਅਤੇ ਦਿਵਯ-ਦ੍ਰਿਸ਼ਟੀ ਦੇ ਵਰਦਾਤਾ ਵੀ ਹਨ। ਮਨੁੱਖਾਤਮਾਵਾਂ ਨੂੰ ਗਿਆਨ ਰੂਪੀ ਸੋਮ ਰਸ ਅਥਵਾ ਅੰਮ੍ਰਿਤ ਪਿਲਾਉਣ ਅਤੇ ਅਮਰਪਦ ਦਾ ਵਰਦਾਨ ਦੇਣ ਦੇ ਕਾਰਣ 'ਸੋਮਨਾਥ' ਅਤੇ 'ਅਮਰਨਾਥ' ਆਦਿ ਨਾਂ ਵੀ ਉਨ੍ਹਾਂ ਦੇ ਹੀ ਹਨ। ਉਹ ਜਨਮ-ਮਰਣ ਤੋਂ ਸਦਾ-ਮੁਕਤ, ਸਦਾ ਇਕ-ਰਸ, ਸਦਾ ਜਾਗਦੀ ਜੋਤ, ਸਦਾਸ਼ਿਵ ਹਨ।


## ਪਰਮਪਿਤਾ ਪਰਮਾਤਮਾ ਦਾ ਦਿਵਯ-ਰੂਪ

ਪਰਮਪਿਤਾ ਪਰਮਾਤਮਾ ਦਾ ਦਿਵਯ-ਰੂਪ ਇਕ ਜੋਤੀ-ਬਿੰਦੂ ਦੇ ਸਮਾਨ, ਦੀਵੇ ਦੀ ਲੋ ਵਰਗਾ ਹੈ। ਉਹ ਰੂਪ ਅਤੀ ਪਵਿੱਤਰ, ਸੁਨਹਿਰੀ ਲਾਲ (Golden Red) ਅਤੇ ਮਨ ਮੋਹਕ ਹੈ। ਉਹ ਦਿਵਯ ਜੋਤੀ ਵਾਲੇ ਰੂਪ ਨੂੰ ਦਿਵਯ ਚਕਸ਼ੂ ਰਾਹੀਂ ਹੀ ਦੇਖਿਆ ਜਾ ਸਕਦਾ ਹੈ ਅਤੇ ਦਿਵਯ ਬੁੱਧੀ ਦੁਆਰਾ ਹੀ ਅਨੁਭਵ ਕੀਤਾ ਜਾ ਸਕਦਾ ਹੈ। ਪਰਮਪਿਤਾ ਪਰਮਾਤਮਾ ਦੇ ਉਸ ਜੋਤੀ ਬਿੰਦੂ ਰੂਪ ਦੀਆਂ ਮੂਰਤੀਆਂ ਭਾਰਤ ਵਿਚ 'ਸ਼ਿਵ-ਲਿੰਗ' ਨਾਂ ਨਾਲ ਪੂਜੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਅਵਤਰਣ ਦੀ ਯਾਦ ਵਿਚ 'ਮਹਾ-ਸ਼ਿਵਰਾਤਰੀ' ਵੀ ਮਨਾਈ ਜਾਂਦੀ ਹੈ।

## ਨਿਰਾਕਾਰ ਦਾ ਅਰਥ

ਲਗਭਗ ਸਾਰੇ ਧਰਮਾਂ ਵਾਲੇ ਪਰਮਾਤਮਾ ਨੂੰ 'ਨਿਰਾਕਾਰ' (Incorporeal) ਮੰਨਦੇ ਹਨ। ਪਰੰਤੂ ਇਸ ਸ਼ਬਦ ਤੋਂ ਉਹ ਇਹ ਅਰਥ ਲੈਂਦੇ ਹਨ ਕਿ ਪਰਮਾਤਮਾ ਦਾ ਕੋਈ ਵੀ ਆਕਾਰ (ਰੂਪ) ਨਹੀਂ ਹੈ। ਹੁਣ ਪਰਮਪਿਤਾ ਪਰਮਾਤਮਾ ਸ਼ਿਵ ਕਹਿੰਦੇ ਹਨ ਕਿ ਇੰਝ ਮੰਨਣਾ ਭੁੱਲ ਹੈ। ਅਸਲ ਵਿਚ 'ਨਿਰਾਕਾਰ' ਦਾ ਇਹ ਅਰਥ ਹੈ ਕਿ ਪਰਮ ਪਿਤਾ 'ਸਾਕਾਰ' ਨਹੀਂ ਹਨ, ਅਰਥਾਤ ਨਾ ਤਾਂ ਉਨ੍ਹਾਂ ਦਾ ਮਨੁਖਾਂ ਵਰਗਾ ਸਥੂਲ ਸ਼ਰੀਰਕ ਆਕਾਰ ਹੈ ਅਤੇ ਨਾ ਦੇਵਤਿਆਂ ਵਰਗਾ ਸੂਖਮ ਸ਼ਰੀਰਕ ਆਕਾਰ ਹੈ ਸਗੋਂ ਉਨ੍ਹਾਂ ਦਾ ਰੂਪ ਅਸ਼ਰੀਰੀ ਹੈ ਅਤੇ ਜੋਤੀ-ਬਿੰਦੂ ਦੇ ਸਮਾਨ ਹੈ। 'ਬਿੰਦੂ' ਨੂੰ ਤਾਂ 'ਨਿਰਾਕਾਰ' ਹੀ ਕਹਾਂਗੇ। ਇਸ ਵਾਸਤੇ ਇਹ ਇਕ ਹੈਰਾਨੀ ਵਾਲੀ ਗੱਲ ਹੈ ਕਿ ਪਰਮਪਿਤਾ ਪਰਮਾਤਮਾ ਹੈ ਤਾਂ ਸੂਖ਼ਮ-ਅਤੀ-ਸੂਖ਼ਮ, ਇਕ ਜੋਤੀ-ਕਣ ਪਰੰਤੂ ਅੱਜ ਲੋਕ ਅਕਸਰ ਕਹਿੰਦੇ ਹਨ ਕਿ ਉਹ ਕਣ-ਕਣ ਵਿਚ ਹਨ।

# ਇਕ ਹੈਰਾਨੀ ਵਾਲੀ ਗੱਲ



निराकार परमात्मा और उनके दिव्य गुण
शिव
परमपिता
परमात्मा
गीता-ज्ञान-दाता
कर्मों की गति को जानने वाले हैं
ब्रह्मा द्वारा सतयुगी सृष्टि की स्थापना कराते हैं
ब्रह्मलोक के वासी हैं
शंकर द्वारा कलियुगी सृष्टि का विनाश कराते हैं
गुणों के भण्डार हैं
दिव्य-दृष्टि विधाता हैं
बिन्दु रूप-ज्योति स्वरूप हैं
काल के पंजे से छुड़ाने वाले हैं
सृष्टि के आदि-मध्य-अन्त के ज्ञाता हैं
आनन्द के सागर हैं
सुख-दुःख से न्यारे हैं
शान्ति के दाता हैं
दिव्य बुद्धि के दाता हैं
पतित-पावन हैं
सद्गति दाता हैं
सब के सुख के दाता हैं
नर से श्री नारायण बनाने वाले हैं
पत्थर बुद्धि वालों को पारस बुद्धि बनाते हैं
ज्ञानामृत के सागर हैं
सत्-चित-आनन्द स्वरूप हैं
निराकार हैं
विष्णु द्वारा दैवी सृष्टि का पालन कराते हैं
शान्ति के सागर हैं
ब्रह्मा, विष्णु, शंकर के भी रचयिता त्रिमूर्ति हैं
जीवन नैया को पार ले जाने वाले हैं
परमपिता, परमशिक्षक व सद्गुरु हैं
जन्म-मरण से न्यारे हैं
प्रेम के सागर हैं
अकालमूर्त हैं
मुक्ति व जीवनमुक्ति के दाता हैं
दुःख-हर्ता-सुख-कर्ता हैं
मनुष्य-सृष्टि रूपी वृक्ष के बीज-रूप हैं
INCORPOREAL GOD & HIS ATTRIBUTES

ਸਰਵ ਆਤਮਾਵਾਂ ਦੇ ਪਿਤਾ

# सर्व आत्माओं के पिता

## SUPREME FATHER OF ALL SOULS




प्रायः सभी धर्मों के लोग परमात्मा को निराकार अर्थात् अशरीरी मानते हैं। शिवलिङ्ग ज्योति-बिन्दु परमात्मा की ही यादगार भारत के कोने कोने में तथा भिन्न भिन्न देशों में पाईजाती है। परमात्मा शिव ही हम सर्वात्माओं के परमपिता, परमशिक्षक एवं परमसद्गुरु हैं। अतः निराकार ज्योति-बिन्दु स्वरूप परमात्मा शिव को याद करने से ही हम पापों से मुक्त हो सकते हैं।

# ਸਾਰੀਆਂ ਆਤਮਾਵਾਂ ਦਾ ਪਿਤਾ ਪਰਮਾਤਮਾ ਇਕ ਹੈ ਅਤੇ ਨਿਰਾਕਾਰ ਹੈ

ਅਕਸਰ ਲੋਕ ਇਹ ਨਾਹਰਾ ਲਗਾਉਂਦੇ ਹਨ ਕਿ ਹਿੰਦੂ, ਮੁਸਲਿਮ, ਸਿੱਖ ਅਤੇ ਇਸਾਈ ਸਾਰੇ ਆਪਸ ਵਿਚ ਭਾਈ-ਭਾਈ, ਪਰੰਤੂ ਉਹ ਸਾਰੇ ਆਪਸ ਵਿਚ ਭਾਈ-ਭਾਈ ਕਿਵੇਂ ਹਨ ਅਤੇ ਜੇਕਰ ਉਹ ਭਾਈ-ਭਾਈ ਹਨ ਤਾਂ ਉਨ੍ਹਾਂ ਸਾਰਿਆਂ ਦਾ ਇਕ ਪਿਤਾ ਕੌਣ ਹੈ- ਇਸ ਨੂੰ ਉਹ ਨਹੀਂ ਜਾਣਦੇ। ਦੇਹ ਦੀ ਦ੍ਰਿਸ਼ਟੀ ਨਾਲ ਤਾਂ ਉਹ ਭਾਈ-ਭਾਈ ਹੋ ਨਹੀਂ ਸਕਦੇ। ਕਿਉਂਕਿ ਉਨ੍ਹਾਂ ਸਾਰਿਆਂ ਦੇ ਮਾਤਾ-ਪਿਤਾ ਅੱਡ-ਅੱਡ ਹਨ; ਆਤਮਕ ਦ੍ਰਿਸ਼ਟੀ ਨਾਲ ਹੀ ਉਹ ਸਾਰੇ ਇਕ ਪਰਮਪਿਤਾ ਪਰਮਾਤਮਾ ਦੀ ਸੰਤਾਨ ਹੋਣ ਦੇ ਨਾਤੇ ਭਾਈ-ਭਾਈ ਹਨ। ਇਥੇ ਸਾਰੀਆਂ ਆਤਮਾਵਾਂ ਦੇ ਇਕ ਪਰਮਪਿਤਾ ਦਾ ਪਰਿਚਯ ਦਿਤਾ ਗਿਆ ਹੈ। ਇਸ ਸਿਮਰਤੀ ਵਿਚ ਸਥਿਤ ਹੋਣ ਨਾਲ ਕੌਮੀ-ਏਕਤਾ ਹੋ ਸਕਦੀ ਹੈ।

ਅਕਸਰ ਸਾਰੇ ਧਰਮਾਂ ਦੇ ਲੋਕ ਕਹਿੰਦੇ ਹਨ ਕਿ ਪਰਮਾਤਮਾ ਇਕ ਹੈ ਅਤੇ ਸਾਰਿਆਂ ਦਾ ਪਿਤਾ ਹੈ ਅਤੇ ਸਾਰੇ ਮਨੁੱਖ ਆਪਸ ਵਿਚ ਭਰਾ-ਭਰਾ ਹਨ। ਪਰੰਤੂ ਪ੍ਰਸ਼ਨ ਉਠਦਾ ਹੈ ਕਿ ਉਹ ਇਕ ਪਾਰਲੌਕਿਕ ਪਰਮਪਿਤਾ ਕੌਣ ਹੈ ਜਿਸ ਨੂੰ ਸਾਰੇ ਮੰਨਦੇ ਹਨ? ਤੁਸੀਂ ਦੇਖੋਗੇ ਕਿ ਬੇਸ਼ੱਕ ਹੀ ਹਰੇਕ ਧਰਮ ਦੇ ਸਥਾਪਕ ਅਲਗ ਅਲਗ ਹਨ, ਪਰੰਤੂ ਹਰੇਕ ਧਰਮ ਦੇ ਅਨੁਯਾਈ ਨਿਰਾਕਾਰ ਜੋਤੀ-ਸਰੂਪ ਪਰਮਾਤਮਾ ਸ਼ਿਵ ਦੀ ਮੂਰਤੀ (ਸ਼ਿਵਲਿੰਗ) ਨੂੰ ਕਿਸੇ -ਨਾ-ਕਿਸੇ ਤਰ੍ਹਾਂ ਨਾਲ ਮਾਨਤਾ ਦਿੰਦੇ ਹਨ। ਭਾਰਤ ਵਿਚ ਤਾਂ ਜਗ੍ਹਾ-ਜਗ੍ਹਾ ਤੇ ਪਰਮਪਿਤਾ ਪਰਮਾਤਮਾ ਸ਼ਿਵ ਦੇ ਮੰਦਰ ਹਨ ਹੀ ਅਤੇ ਭਗਤਲੋਕ 'ਓਮ ਨਮੋ ਸ਼ਿਵਾਏ' ਅਤੇ 'ਤੁਮ ਹੀ ਮਾਤਾ ਤੁਮ ਹੀ ਪਿਤਾ ਹੋ' ਆਦਿ ਸ਼ਬਦਾਂ ਨਾਲ ਉਨ੍ਹਾਂ ਦੀ ਮਹਿਮਾ ਜਾਂ ਪੂਜਨ ਕਰਦੇ ਹਨ ਅਤੇ ਸ਼ਿਵ ਨੂੰ ਸ੍ਰੀ ਕਿਸ਼ਨ ਅਤੇ ਸ੍ਰੀ ਰਾਮ ਆਦਿ ਦੇਵਾਂ ਦੇ ਵੀ ਦੇਵ ਅਰਥਾਤ ਪਰਮਪੂਜ ਮੰਨਦੇ ਹੀ ਹਨ; ਪਰੰਤੂ ਭਾਰਤ ਤੋਂ ਬਾਹਰ, ਦੂਜੇ ਧਰਮਾਂ ਦੇ ਲੋਕ ਵੀ ਇਸਨੂੰ ਮਾਨਤਾ ਦੇਂਦੇ ਹਨ। ਇਥੇ ਸਾਹਮਣੇ ਦਿਤੇ ਚਿੱਤਰਾਂ ਵਿਚ ਦਿਖਾਇਆ ਗਿਆ ਹੈ ਕਿ ਸ਼ਿਵ ਦਾ ਯਾਦਗਾਰੀ ਨਿਸ਼ਾਨ ਸਾਰੇ ਧਰਮਾ ਵਿਚ ਹੈ।

ਅਮਰਨਾਥ, ਵਿਸ਼ਵਨਾਥ, ਸੋਮਨਾਥ ਅਤੇ ਪਸ਼ੁਪਤੀਨਾਥ ਆਦਿ ਮੰਦਰਾਂ ਵਿਚ ਪਰਮਪਿਤਾ ਪਰਮਾਤਮਾ ਸ਼ਿਵ ਦੇ ਹੀ ਯਾਦਗਾਰੀ-ਨਿਸ਼ਾਨ ਹਨ। 'ਗੋਪੇਸ਼ਵਰ' ਅਤੇ 'ਰਾਮੇਸ਼ਵਰ' ਦੇ ਜੋ ਮੰਦਰ ਹਨ ਉਨ੍ਹਾਂ ਤੋਂ ਸਪੱਸ਼ਟ ਹੈ ਕਿ 'ਸ਼ਿਵ' ਸ੍ਰੀ ਕ੍ਰਿਸ਼ਨ ਅਤੇ ਸ੍ਰੀ ਰਾਮ ਦੇ ਵੀ ਪੂਜ ਹਨ। ਰਾਜਾ ਵਿਕਰਮਾਦਿਤਯ ਵੀ ਸ਼ਿਵ ਦੀ ਹੀ ਪੂਜਾ ਕਰਦੇ ਸਨ। ਮੁਸਲਮਾਨਾਂ ਦੇ ਮੁੱਖ ਤੀਰਥ ਸਥਾਨ ਮੱਕਾ ਵਿਚ ਵੀ ਇਕ ਇਸੇ ਆਕਾਰ ਦਾ ਪੱਥਰ ਹੈ ਜਿਸ ਨੂੰ ਕਿ ਸਾਰੇ ਮੁਸਲਮਾਨ ਯਾਤਰੀ ਬੜੇ ਪਿਆਰ ਅਤੇ ਇੱਜ਼ਤ ਨਾਲ ਚੁੰਮਦੇ ਹਨ। ਉਸ ਨੂੰ ਉਹ 'ਸੰਗੇ-ਅਸਵਦ' ਕਹਿੰਦੇ ਹਨ ਅਤੇ ਇਬਰਾਹਿਮ ਅਤੇ ਮੁਹੰਮਦ ਦੁਆਰਾ ਉਸਦੀ ਸਥਾਪਨਾ ਹੋਈ ਮੰਨਦੇ ਹਨ। ਪਰੰਤੂ ਅੱਜ ਉਹ ਵੀ ਇਸ ਭੇਦ ਨੂੰ ਨਹੀਂ ਜਾਣਦੇ ਕਿ ਉਨ੍ਹਾਂ ਦੇ ਧਰਮ ਵਿਚ ਬੁੱਤਪਰੱਸਤੀ (ਮੂਰਤੀ-ਪੂਜਾ) ਦੀ ਮਾਨਤਾ ਨਾ ਹੁੰਦੇ ਹੋਏ ਵੀ ਇਸੇ ਆਕਾਰ ਵਾਲੇ ਪੱਥਰ ਦੀ ਸਥਾਪਨਾ ਕਿਉਂ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਇਥੇ ਇਸ ਨੂੰ ਪਿਆਰ ਅਤੇ ਇੱਜ਼ਤ ਨਾਲ ਚੁੰਮਨ ਦੀ ਪ੍ਰਥਾ ਕਿਉਂ ਚਲੀ ਆਉਂਦੀ ਹੈ? ਇਟਲੀ ਵਿਚ ਕਈ ਰੋਮਨ ਕੈਥੋਲਿਕਸ ਈਸਾਈ ਵੀ ਇਸੇ ਆਕਾਰ ਵਾਲੀ ਮੂਰਤੀ ਨੂੰ ਆਪਣੇ ਢੰਗ ਨਾਲ ਪੂਜਦੇ ਹਨ। ਈਸਾਈਆਂ ਦੇ ਧਰਮ ਸਥਾਪਕ ਈਸਾ ਨੇ ਅਤੇ ਸਿੱਖਾਂ ਦੇ ਧਰਮ-ਸਥਾਪਕ ਨਾਨਕ ਜੀ ਨੇ ਵੀ ਪਰਮਾਤਮਾ ਨੂੰ ਇਕ ਨਿਰਾਕਾਰ ਜੋਤੀ (Kindly Light) ਹੀ ਮੰਨਿਆ ਹੈ। ਯਹੂਦੀ ਲੋਕ ਤਾਂ ਪਰਮਾਤਮਾ ਨੂੰ 'ਜੇਹੋਵਾ' (Jehovah) ਨਾਂ ਨਾਲ ਪੁਕਾਰਦੇ ਹਨ ਜਿਹੜਾ ਨਾਂ ਸ਼ਿਵ (Shiva) ਦਾ ਹੀ ਰੂਪਾਂਤਰ ਮਲੂਮ ਹੁੰਦਾ ਹੈ। ਜਾਪਾਨ ਵਿਚ ਵੀ ਬੋਧ-ਧਰਮ ਦੇ ਕਈ ਸ਼ਰਧਾਲੂ ਇਸੇ ਆਕਾਰ ਦੀ ਇਕ ਮੂਰਤੀ ਆਪਣੇ ਸਾਹਮਣੇ ਰੱਖ ਕੇ ਉਸ ਤੇ ਆਪਣਾ ਮਨ ਇਕਾਗਰ ਕਰਦੇ ਹਨ।

ਪਰੰਤੂ ਸਮਾਂ ਬੀਤ ਜਾਣ ਤੇ ਸਾਰੇ ਧਰਮਾਂ ਦੇ ਲੋਕ ਇਹ ਮੂਲ ਗੱਲ ਭੁੱਲ ਗਏ ਹਨ ਕਿ ਸ਼ਿਵਲਿੰਗ ਸਾਰੀਆਂ ਮਨੁੱਖਾਂਤਮਾਵਾਂ ਦੇ ਪਰਮਪਿਤਾ ਦਾ ਯਾਦਗਾਰੀ ਨਿਸ਼ਾਨ ਹੈ। ਜੇਕਰ ਮੁਸਲਮਾਨ ਇਹ ਗੱਲ ਜਾਣਦੇ ਹੁੰਦੇ ਤਾਂ ਉਹ ਸੋਮਨਾਥ ਦੇ ਮੰਦਰ ਨੂੰ ਕਦੀ ਵੀ ਨਾ ਲੁੱਟਦੇ ਸਗੋਂ ਮੁਸਲਮਾਨ, ਈਸਾਈ ਆਦਿ ਸਾਰੇ ਧਰਮਾਂ ਦੇ ਲੋਕ ਭਾਰਤ ਨੂੰ ਹੀ ਪਰਮਪਿਤਾ ਪਰਮਾਤਮਾ ਦੀ ਅਵਤਾਰ-ਭੂਮੀ ਮੰਨ ਕੇ ਇਸ ਨੂੰ ਆਪਣਾ ਸਭ ਤੋਂ ਮੁੱਖ ਤੀਰਥ ਮੰਨਦੇ ਅਤੇ, ਇਸ ਤਰ੍ਹਾਂ, ਸੰਸਾਰ ਦਾ ਇਤਿਹਾਸ ਹੀ ਕੁਝ ਹੋਰ ਹੁੰਦਾ। ਪਰੰਤੂ ਇਕ ਪਿਤਾ ਨੂੰ ਭੁੱਲਣ ਦੇ ਕਾਰਣ ਸੰਸਾਰ ਵਿਚ ਲੜਾਈ-ਝਗੜਾ, ਦੁਖ ਅਤੇ ਕਲੇਸ਼ ਹੋਇਆ ਅਤੇ ਸਾਰੇ ਅਨਾਥ ਅਤੇ ਕੰਗਾਲ ਬਣ ਗਏ।

# ਪਰਮਪਿਤਾ ਪਰਮਾਤਮਾ ਅਤੇ ਉਨ੍ਹਾਂ ਦੇ ਦਿਵਯ ਕਰਤੱਵ

ਸਾਹਮਣੇ ਪਰਮਪਿਤਾ ਜੋਤੀ -ਬਿੰਦੂ ਸ਼ਿਵ ਦਾ ਜੋ ਚਿੱਤਰ ਦਿਤਾ ਗਿਆ ਹੈ, ਉਸ ਰਾਹੀਂ ਸਮਝਾਇਆ ਗਿਆ ਹੈ ਕਿ ਕਲਿਜੁਗ ਦੇ ਅੰਤ ਵਿਚ ਧਰਮ-ਗਿਲਾਨੀ ਅਥਵਾ ਅਗਿਆਨਰਾਤਰੀ ਦੇ ਸਮੇਂ, ਸ਼ਿਵ ਸ੍ਰਿਸ਼ਟੀ ਦਾ ਕਲਿਆਣ ਕਰਨ ਦੇ ਲਈ ਸਭ ਤੋਂ ਪਹਿਲਾਂ ਤਿੰਨ ਸੂਖਮ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਨੂੰ ਰਚਦੇ ਹਨ ਅਤੇ ਇਸ ਕਾਰਣ, ਸ਼ਿਵ 'ਤ੍ਰਿਮੂਰਤੀ' ਕਹਿਲਾਉਂਦੇ ਹਨ! ਤਿੰਨ ਦੇਵਤਿਆਂ ਦੀ ਰਚਨਾ ਕਰਨ ਤੋਂ ਬਾਅਦ ਉਹ ਖ਼ੁਦ ਇਸ ਮਨੁੱਖ ਲੋਕ ਦੇ ਇਕ ਸਾਧਾਰਣ ਅਤੇ ਬੁੱਢੇ ਭਗਤ ਦੇ ਤਨ ਵਿਚ ਅਵਤਰਿਤ ਹੁੰਦੇ ਹਨ, ਜਿਨ੍ਹਾਂ ਦਾ ਨਾਂ ਉਹ ਪ੍ਰਜਾਪਿਤਾ ਬ੍ਰਹਮਾ ਰੱਖਦੇ ਹਨ।

ਪ੍ਰਜਾਪਿਤਾ ਬ੍ਰਹਮਾ ਦੁਆਰਾ ਹੀ ਪਰਮਾਤਮਾ ਸ਼ਿਵ ਮਨੁੱਖਾਤਮਾਵਾਂ ਨੂੰ ਪਿਤਾ, ਸਿਖਿਅਕ ਅਤੇ ਸਤਗੁਰੂ ਦੇ ਰੂਪ ਵਿਚ ਮਿਲਦੇ ਹਨ ਅਤੇ ਸਹਿਜ ਗੀਤਾ-ਗਿਆਨ ਅਤੇ ਸਹਿਜ ਰਾਜਯੋਗ ਸਿਖਾ ਕੇ ਉਨ੍ਹਾਂ ਦੀ ਸਦਗਤੀ ਕਰਦੇ, ਅਰਥਾਤ ਉਨ੍ਹਾਂ ਨੂੰ ਜੀਵਨ ਮੁਕਤੀ ਦਿੰਦੇ ਹਨ।

## ਸ਼ੰਕਰ ਦੁਆਰਾ ਕਲਿਜੁਗੀ ਸ੍ਰਿਸ਼ਟੀ ਦਾ ਮਹਾਵਿਨਾਸ਼

ਕਲਿਜੁਗ ਦੇ ਅੰਤ ਵਿਚ ਪ੍ਰਜਾਪਿਤਾ ਬ੍ਰਹਮਾ ਦੁਆਰਾ ਸਤਿਜੁਗੀ ਸ੍ਰਿਸ਼ਟੀ ਦੀ ਸਥਾਪਨਾ ਦੇ ਨਾਲ ਪਰਮਪਿਤਾ ਪਰਮਾਤਮਾ ਸ਼ਿਵ, ਆਸੁਰੀ ਸ੍ਰਿਸ਼ਟੀ ਦੇ ਮਹਾਵਿਨਾਸ਼ ਦੀ ਤਿਆਰੀ ਵੀ ਸ਼ੁਰੂ ਕਰਾ ਦਿੰਦੇ ਹਨ। ਪਰਮਾਤਮਾ ਸ਼ਿਵ, ਸ਼ੰਕਰ ਦੁਆਰਾ ਵਿਗਿਆਨ-ਅਭਿਮਾਨੀ (Science-Proud) ਅਤੇ ਉਲਟੀ-ਬੁੱਧੀ ਅਮਰੀਕਨ ਲੋਕਾਂ ਅਤੇ ਯੂਰਪਵਾਸੀਆਂ (ਯਾਦਵਾਂ) ਨੂੰ ਪ੍ਰੇਰ ਕੇ ਉਨ੍ਹਾਂ ਰਾਹੀਂ ਐਟਮ ਅਤੇ ਹਾਈਡਰੋਜਨ ਬੰਬ ਅਤੇ ਮਿਸਾਈਲਜ਼ (Missiles) ਤਿਆਰ ਕਰਵਾਉਂਦੇ ਹਨ, ਜਿਨ੍ਹਾਂ ਨੂੰ ਕਿ ਮਹਾਭਾਰਤ ਵਿਚ 'ਮੂਸਲ' ਅਤੇ 'ਬ੍ਰਹਮਾਸ਼ਸਤਰ' ਕਿਹਾ ਗਿਆ ਹੈ। ਇਧਰ ਉਹ ਭਾਰਤ ਵਿਚ ਵੀ ਦੇਹ-ਅਭਿਮਾਨੀ, ਧਰਮ-ਭ੍ਰਸ਼ਟ ਅਤੇ ਉਲਟੀ-ਬੁੱਧੀ ਵਾਲੇ ਲੋਕਾਂ (ਜਿਨ੍ਹਾਂ ਨੂੰ ਮਹਾਭਾਰਤ ਦੀ ਭਾਸ਼ਾ ਵਿਚ 'ਕੌਰਵ' ਕਿਹਾ ਗਿਆ ਹੈ) ਨੂੰ ਆਪਸੀ ਯੁੱਧ (Civil war) ਦੇ ਲਈ ਪ੍ਰੇਰਦੇ ਹਨ।


## ਵਿਸ਼ਨੂੰ ਦੁਆਰਾ ਪਾਲਣਾ

ਵਿਸ਼ਨੂੰ ਦੀਆਂ ਚਾਰ ਬਾਹਵਾਂ ਵਿਚੋਂ ਦੋ ਬਾਹਵਾਂ ਸ੍ਰੀ ਨਾਰਾਇਣ ਦੀਆਂ ਅਤੇ ਦੋ ਬਾਹਵਾਂ ਸ੍ਰੀ ਲਕਸ਼ਮੀ ਦੀਆਂ ਸੂਚਕ ਹਨ। ਸ਼ੰਖ ਉਨ੍ਹਾਂ ਦਾ ਪਵਿੱਤਰ ਵਚਨ ਅਤੇ ਗਿਆਨ-ਉਚਾਰਣ ਦੀ ਨਿਸ਼ਾਨੀ ਹੈ; ਸਵਦਰਸ਼ਨ-ਚੱਕਰ' ਆਤਮਾ (ਸਵੈ) ਦੇ ਅਤੇ ਸ੍ਰਿਸ਼ਟੀ-ਚੱਕਰ ਦੇ ਗਿਆਨ ਦਾ ਸੂਚਕ ਹੈ; 'ਕਮਲ-ਫੁੱਲ' ਸੰਸਾਰ ਵਿਚ ਰਹਿੰਦੇ ਹੋਏ ਨਿਆਰੇ ਅਤੇ ਪਵਿੱਤਰ ਰਹਿਣ ਦਾ ਸੂਚਕ ਹੈ ਅਤੇ 'ਗਦਾ' ਮਾਇਆ ਉਪਰ ਅਰਥਾਤ ਪੰਜ ਵਿਕਾਰਾਂ ਉਪਰ ਜਿੱਤ ਪ੍ਰਾਪਤ ਕਰਨ ਦਾ ਨਿਸ਼ਾਨ ਹੈ। ਇਸ ਲਈ ਮਨੁੱਖਾਤਮਾਵਾਂ ਦੇ ਸਾਹਮਣੇ ਵਿਸ਼ਨੂੰ ਚਤੁਰਭੁਜ ਦਾ ਨਿਸ਼ਾਨਾ ਰੱਖਦੇ ਹੋਏ ਪਰਮਪਿਤਾ ਪਰਮਾਤਮਾ ਸ਼ਿਵ ਸਮਝਾਉਂਦੇ ਹਨ ਕਿ ਇਨ੍ਹਾਂ ਅਲੰਕਾਰਾਂ ਨੂੰ ਧਾਰਣ ਕਰਨ ਨਾਲ ਨਰ 'ਸ੍ਰੀ ਨਰਾਇਣ' ਅਤੇ ਨਾਰੀ ਸ੍ਰੀ ਲਕਸ਼ਮੀ ਪਦ ਪ੍ਰਾਪਤ ਕਰ ਲੈਂਦੀ ਹੈ, ਅਰਥਾਤ ਮਨੁੱਖ ਦੋ ਤਾਜਾਂ ਵਾਲਾ ਦੇਵੀ ਜਾਂ ਦੇਵਤਾ ਪਦ ਪ੍ਰਾਪਤ ਕਰ ਲੈਂਦਾ ਹੈ। ਇਨ੍ਹਾਂ ਦੋ ਤਾਜਾ ਵਿਚੋਂ ਇਕ ਤਾਜ ਤਾਂ ਪ੍ਰਕਾਸ਼ ਦਾ ਤਾਜ ਅਰਥਾਤ ਪ੍ਰਭਾ-ਮੰਡਲ (Crown of Light) ਹੈ ਜਿਹੜਾ ਕਿ ਪਵਿੱਤਰਤਾ ਤੇ ਸ਼ਾਂਤੀ ਦਾ ਸੂਚਕ ਹੈ ਅਤੇ ਦੂਜਾ ਰਤਨ ਜੜਿਆ ਸੋਨੇ ਦਾ ਤਾਜ ਹੈ, ਜਿਹੜਾ ਸੰਪਤੀ ਸੁਖ ਦਾ ਅਥਵਾ ਰਾਜਭਾਗ ਦਾ ਸੂਚਕ ਹੈ।

ਇਸ ਪ੍ਰਕਾਰ, ਪਰਮਪਿਤਾ ਪਰਮਾਤਮਾ ਸ਼ਿਵ ਸਤਿਜੁਗੀ ਅਤੇ ਤ੍ਰੇਤਾਜੁਗੀ ਪਵਿੱਤਰ, ਦੈਵੀ-ਸ੍ਰਿਸ਼ਟੀ (ਸਵਰਗ) ਦੇ ਪਾਲਣ ਦੇ ਸੰਸਕਾਰ ਭਰਦੇ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਹੀ ਸਤਿਜੁਗ ਵਿਚ ਸ੍ਰੀ ਨਰਾਇਣ ਅਤੇ ਸ੍ਰੀ ਲਕਸ਼ਮੀ (ਜੋ ਕਿ ਪਿਛਲੇ ਜਨਮ ਵਿਚ ਪ੍ਰਜਾਪਿਤਾ ਬ੍ਰਹਮਾ ਅਤੇ ਸਰਸਵਤੀ ਸਨ) ਅਤੇ ਸੂਰਜਵੰਸ਼ ਦੇ ਦੂਜੇ ਰਾਜਾ ਪ੍ਰਜਾ-ਪਾਲਨ ਦਾ ਕਾਰਜ ਕਰਦੇ ਹਨ। ਅਤੇ ਤ੍ਰੇਤਾਜੁਗ ਵਿਚ ਸ੍ਰੀ ਸੀਤਾ ਤੇ ਸ੍ਰੀ ਰਾਮ ਅਤੇ ਦੂਜੇ ਚੰਦਰਵੰਸ਼ੀ ਰਾਜਾ ਰਾਜ ਕਰਦੇ ਹਨ।

ਮਲੂਮ ਰਹੇ ਕਿ ਵਰਤਮਾਨ ਸਮੇਂ ਪਰਮਪਿਤਾ ਪਰਮਾਤਮਾ ਸ਼ਿਵ ਪ੍ਰਜਾਪਿਤਾ ਬ੍ਰਹਮਾ ਦੁਆਰਾ ਅਤੇ ਤਿੰਨਾਂ ਦੇਵਤਿਆਂ ਦੁਆਰਾ ਤਿੰਨੋ ਹੀ ਕਰਤੱਵ ਕਰਾ ਰਹੇ ਹਨ। ਹੁਣ ਸਾਡਾ ਕਰਤੱਵ ਹੈ ਕਿ ਪਰਮਪਿਤਾ ਪਰਮਾਤਮਾ ਸ਼ਿਵ ਅਤੇ ਪ੍ਰਜਾਪਿਤਾ ਬ੍ਰਹਮਾ ਨਾਲ ਆਪਣਾ ਆਤਮਕ ਸੰਬੰਧ ਜੋੜ ਕੇ ਪਵਿੱਤਰ ਬਣਨ ਦਾ ਪੁਰਸ਼ਾਰਥ ਕਰੀਏ ਤੇ ਸੱਚੇ ਵੈਸ਼ਣਵ ਬਣੀਏ ਅਤੇ ਮੁਕਤੀ ਤੇ ਜੀਵਨ ਮੁਕਤੀ ਦੇ ਈਸ਼ਵਰੀ ਜਨਮ-ਸਿੱਧ ਅਧਿਕਾਰ ਲਈ ਪੂਰਾ ਪੁਰਸ਼ਾਰਥ ਕਰੀਏ।

# ਪਰਮਾਤਮਾ ਸ਼ਿਵ ਬ੍ਰਹਮਾ ਵਿਸ਼ਨੂੰ ਅਤੇ ਸ਼ੰਕਰ



# ਸ਼ਿਵਰਾਤਰੀ ਪਰਮਪਿਤਾ ਸ਼ਿਵ ਪਰਮਾਤਮਾ ਦਾ ਅਵਤਰਣ



# ਪਰਮਾਤਮਾ ਦਾ ਦਿਵਯ ਅਵਤਰਣ

ਸ਼ਿਵ ਦਾ ਅਰਥ ਹੈ-'ਕਲਿਆਣਕਾਰੀ'। ਪਰਮਾਤਮਾ ਦਾ ਇਹ ਨਾਂ ਇਸ ਲਈ ਹੈ, ਕਿ ਉਹ ਧਰਮ-ਗਲਾਨੀ ਦੇ ਸਮੇਂ ਜਦੋਂ ਸਾਰੀਆਂ ਮਨੁੱਖਾਤਮਾਵਾਂ ਮਾਇਆ (ਪੰਜ ਵਿਕਾਰਾਂ) ਦੇ ਕਾਰਣ ਦੁਖੀ, ਅਸ਼ਾਂਤ, ਪਤਿਤ ਅਤੇ ਭ੍ਰਿਸ਼ਟਾਚਾਰੀ ਬਣ ਜਾਂਦੀਆਂ ਹਨ ਤਦ ਉਨ੍ਹਾਂ ਨੂੰ ਫੇਰ ਪਾਵਨ ਅਤੇ ਸੰਪੂਰਣ ਸੁਖੀ ਬਣਾਉਣ ਦਾ ਕਲਿਆਣਕਾਰੀ ਕਰਤੱਵ ਕਰਦੇ ਹਨ। ਸ਼ਿਵ ਬ੍ਰਹਮਲੋਕ ਵਿਚ ਨਿਵਾਸ ਕਰਦੇ ਹਨ ਅਤੇ ਉਹ ਕਰਮ-ਭ੍ਰਿਸ਼ਟ ਅਤੇ ਧਰਮ-ਭ੍ਰਿਸ਼ਟ ਸੰਸਾਰ ਦਾ ਭਲਾ ਕਰਨ ਲਈ ਬ੍ਰਹਮਲੋਕ ਤੋਂ ਆ ਕੇ ਮਨੁੱਖ ਦੇ ਸ਼ਰੀਰ ਦਾ ਆਧਾਰ ਲੈਂਦੇ ਹਨ। ਪਰਮਾਤਮਾ ਸ਼ਿਵ ਦੇ ਇਸ ਅਵਤਰਣ ਅਥਵਾ ਦਿਵਯ ਤੇ ਅਲੌਕਿਕ ਜਨਮ ਦੀ ਪਾਵਨ ਸਿਮਰਤੀ ਵਿਚ ਹੀ 'ਸ਼ਿਵਰਾਤਰੀ' ਅਰਥਾਤ ਸ਼ਿਵ ਜੈਯੰਤੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਪਰਮਾਤਮਾ ਸ਼ਿਵ ਜਿਹੜੇ ਸਾਧਾਰਣ ਅਤੇ ਬੁੱਢੇ ਮਨੁੱਖ ਦੇ ਤਨ ਵਿਚ ਅਵਤਰਿਤ ਹੁੰਦੇ ਹਨ, ਉਨ੍ਹਾਂ ਨੂੰ ਉਹ ਮਨੋ ਪਰਿਵਰਤਨ ਤੋਂ ਬਾਅਦ 'ਪ੍ਰਜਾਪਿਤਾ ਬ੍ਰਹਮਾ' ਨਾਂ ਦਿੰਦੇ ਹਨ। ਉਨ੍ਹਾਂ ਦੀ ਯਾਦ ਵਿਚ ਹੀ ਸ਼ਿਵ ਦੀ ਮੂਰਤੀ ਦੇ ਸਾਹਮਣੇ ਹੀ ਉਨ੍ਹਾਂ ਦੀ ਸਵਾਰੀ 'ਨੰਦੀਗਣ' ਦਿਖਾਇਆ ਜਾਂਦਾ ਹੈ। ਕਿਉਂਕਿ ਪਰਮਾਤਮਾ ਸਾਰੀਆਂ ਆਤਮਾਵਾਂ ਦੇ ਪਿਤਾ ਹਨ, ਇਸ ਲਈ ਉਹ ਕਿਸੇ ਮਾਤਾ ਦੇ ਗਰਭ 'ਚੋਂ ਜਨਮ ਨਹੀਂ ਲੈਂਦੇ ਸਗੋਂ ਬ੍ਰਹਮਾ ਦੇ ਤਨ ਵਿਚ ਪ੍ਰਵੇਸ਼ ਹੋਣਾ ਹੀ ਉਨ੍ਹਾਂ ਦਾ ਦਿਵਯ-ਜਨਮ ਅਥਵਾ ਅਵਤਰਣ ਹੈ।

## ਅਜੂਨੀ ਪਰਮਾਤਮਾ ਸ਼ਿਵ ਦੇ ਦਿਵਯ-ਜਨਮ ਦੀ ਰੀਤ ਨਿਆਰੀ

ਪਰਮਾਤਮਾ ਸ਼ਿਵ ਕਿਸੇ ਪੁਰਖ ਦੇ ਬੀਜ ਤੋਂ ਅਥਵਾ ਕਿਸੇ ਮਾਤਾ ਦੇ ਗਰਭ 'ਚੋਂ ਜਨਮ ਨਹੀਂ ਲੈਂਦੇ ਕਿਉਂਕਿ ਉਹ ਤਾਂ ਖ਼ੁਦ ਹੀ ਸਾਰਿਆਂ ਦੇ ਮਾਤਾ-ਪਿਤਾ ਹਨ, ਮਨੁੱਖ ਸ਼੍ਰਿਸ਼ਟੀ ਦੇ ਚੇਤਨ ਬੀਜ-ਰੂਪ ਹਨ ਅਤੇ ਜਨਮ-ਮਰਨ ਤੇ ਕਰਮ-ਬੰਧਨ ਤੋਂ ਰਹਿਤ ਹਨ। ਇਸ ਵਾਸਤੇ ਉਹ ਤਾਂ ਇਕ ਸਾਧਾਰਣ ਮਨੁੱਖ ਦੇ ਬੁੱਢੇ ਸ਼ਰੀਰ ਵਿਚ ਪ੍ਰਵੇਸ਼ ਕਰਦੇ ਹਨ। ਇਸ ਨੂੰ ਹੀ ਪਰਮਾਤਮਾ ਸ਼ਿਵ ਦਾ ਦਿਵਯ-ਜਨਮ ਅਥਵਾ 'ਅਵਤਰਣ' ਵੀ ਕਿਹਾ ਜਾਂਦਾ ਹੈ ਕਿਉਂਕਿ ਜਿਹੜੇ ਸ਼ਰੀਰ ਵਿਚ ਉਹ ਪ੍ਰਵੇਸ਼ ਕਰਦੇ ਹਨ ਉਹ ਇਕ ਜਨਮ-ਮਰਨ ਅਤੇ ਕਰਮ-ਬੰਧਨ ਦੇ ਚੱਕਰ ਵਿਚ ਆਉਣ ਵਾਲੀ ਮਨੁੱਖਾਤਮਾ ਹੀ ਦਾ ਸ਼ਰੀਰ ਹੁੰਦਾ ਹੈ ਉਹ ਪਰਮਾਤਮਾ ਦਾ ਆਪਣਾ ਸ਼ਰੀਰ ਨਹੀਂ ਹੁੰਦਾ।

ਇਸ ਵਾਸਤੇ ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਜਦੋਂ ਸਾਰੀ ਸ਼੍ਰਿਸ਼ਟੀ ਮਾਇਆ (ਅਰਥਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਦਿ ਪੰਜ ਵਿਕਾਰਾਂ) ਦੇ ਪੰਜੇ ਵਿਚ ਫਸ ਜਾਂਦੀ ਹੈ ਤਦ ਪਰਮਪਿਤਾ ਪਰਮਾਤਮਾ ਸ਼ਿਵ, ਜਿਹੜੇ ਕਿ ਆਵਾਗਵਨ ਦੇ ਚੱਕਰ ਤੋਂ ਮੁਕਤ ਹਨ, ਮਨੁੱਖਾਤਾਮਾਵਾਂ ਨੂੰ ਪਵਿੱਤਰਤਾ, ਸੁਖ ਅਤੇ ਸ਼ਾਂਤੀ ਦਾ ਵਰਦਾਨ ਦੇ ਕੇ ਮਾਇਆ ਦੇ ਪੰਜੇ 'ਚੋ ਛੁੜਾਉਂਦੇ ਹਨ। ਉਹ ਹੀ ਸਹਿਜ ਗਿਆਨ ਅਤੇ ਰਾਜਯੋਗ ਦੀ ਸਿਖਿਆ ਦੇਂਦੇ ਹਨ ਅਤੇ ਸਾਰੀਆਂ ਆਤਮਾਵਾਂ ਨੂੰ ਪਰਮਧਾਮ ਲੈ ਜਾਂਦੇ ਹਨ ਅਤੇ ਮੁਕਤੀ ਤੇ ਜੀਵਨਮੁਕਤੀ ਦਾ ਵਰਦਾਨ ਦੇਂਦੇ ਹਨ।

ਸ਼ਿਵਰਾਤਰੀ ਦਾ ਤਿਉਹਾਰ ਫੱਗਨ ਮਾਹ, ਜੋ ਕਿ ਵਿਕਰਮੀ ਸੰਬਤ ਦਾ ਅਖੀਰਲਾ ਮਹੀਨਾ ਹੁੰਦਾ ਹੈ, ਵਿਚ ਆਉਂਦਾ ਹੈ। ਉਸ ਵੇਲੇ ਕ੍ਰਿਸ਼ਨ ਪਖ ਦੀ ਚਤੁਰਦਸ਼ੀ ਹੁੰਦੀ ਹੈ ਅਤੇ ਪੂਰਣ ਅੰਧਕਾਰ ਹੁੰਦਾ ਹੈ। ਉਸ ਦੇ ਬਾਅਦ, ਸੁਕਲ ਪਖ ਸ਼ੁਰੂ ਹੁੰਦਾ ਹੈ ਅਤੇ ਕੁਝ ਹੀ ਦਿਨਾਂ ਬਾਅਦ ਨਵਾਂ ਸੰਬਤ ਸ਼ੁਰੂ ਹੁੰਦਾ ਹੈ। ਇਸ ਤਰ੍ਹਾਂ ਰਾਤ ਦੀ ਤਰ੍ਹਾਂ ਫਗਨ ਦੀ ਕ੍ਰਿਸ਼ਨ ਚਤੁਰਦਸ਼ੀ ਵੀ ਆਤਮਾਵਾਂ ਦੇ ਅਗਿਆਨ ਅੰਧਕਾਰ, ਵਿਕਾਰ ਅਥਵਾ ਆਸੁਰੀ ਲੱਛਣਾਂ ਦਾ ਸੂਚਕ ਹੈ। ਇਸ ਦੇ ਬਾਅਦ ਆਤਮਾਵਾਂ ਦਾ ਸ਼ੁਕਲ ਪੱਖ ਅਥਵਾ ਨਵੇਂ ਕਲਪ ਦਾ ਸ਼ੁਰੂ ਹੁੰਦਾ ਹੈ, ਅਰਥਾਤ ਅਗਿਆਨ ਅਤੇ ਦੁੱਖ ਦਾ ਸਮਾਂ ਖ਼ਤਮ ਹੋ ਕੇ ਪਵਿੱਤਰ ਅਤੇ ਸੁਖ ਦਾ ਸਮਾਂ ਸ਼ੁਰੂ ਹੁੰਦਾ ਹੈ।

ਪਰਮਾਤਮਾ ਸ਼ਿਵ ਅਵਤਰਿਤ ਹੋ ਕੇ ਆਪਣੇ ਗਿਆਨ, ਯੋਗ ਅਤੇ ਪਵਿੱਤਰਤਾ ਦੁਆਰਾ ਆਤਮਾਵਾਂ ਵਿਚ ਅਧਿਆਤਮਕ ਲਹਿਰ ਪੈਦਾ ਕਰਦੇ ਹਨ। ਇਸੇ ਮਹੱਤਵ ਲਈ ਭਗਤ ਲੋਕ ਸ਼ਿਵਰਾਤਰੀ ਨੂੰ ਜਾਗਰਣ ਕਰਦੇ ਹਨ। ਇਸ ਦਿਨ ਮਨੁੱਖ, ਉਪਵਾਸ, ਵਰਤ ਆਦਿ ਵੀ ਰੱਖਦੇ ਹਨ। ਉਪਵਾਸ (ਉਪ-ਨੇੜੇ, ਵਾਸ-ਰਹਿਣਾ) ਦਾ ਅਸਲੀ ਅਰਥ ਹੈ ਹੀ ਪਰਮਾਤਮਾ ਦੇ ਨੇੜੇ ਹੋ ਜਾਣਾ। ਹੁਣ ਪਰਮਾਤਮਾ ਨਾਲ ਯੋਗ-ਯੁਕਤ ਹੋਣ ਲਈ ਪਵਿੱਤਰਤਾ ਦਾ ਵਰਤ ਰੱਖਣਾ ਜ਼ਰੂਰੀ ਹੈ।

# ਸ਼ਿਵ ਅਤੇ ਸ਼ੰਕਰ ਵਿਚ ਅੰਤਰ

ਬਹੁਤ ਸਾਰੇ ਲੋਕ ਸ਼ਿਵ ਅਤੇ ਸ਼ੰਕਰ ਨੂੰ ਇਕ ਹੀ ਮਨੰਦੇ ਹਨ, ਪਰੰਤੂ ਅਸਲ ਵਿਚ ਇਨ੍ਹਾਂ ਦੋਹਾਂ ਵਿਚ ਭਿੰਨਤਾ ਹੈ। ਤੁਸੀਂ ਦੇਖਦੇ ਹੋ ਕਿ ਦੋਹਾਂ ਦੀਆਂ ਮੂਰਤੀਆਂ ਵੀ ਅੱਡ-ਅੱਡ ਆਕਾਰ ਵਾਲੀਆਂ ਹੁੰਦੀਆਂ ਹਨ। ਸ਼ਿਵ ਦੀ ਮੂਰਤੀ ਅੰਡਾਕਾਰ ਹੁੰਦੀ ਹੈ ਜਦਕਿ ਮਹਾਦੇਵ ਸ਼ੰਕਰ ਦੀ ਮੂਰਤੀ ਸ਼ਰੀਰਕ ਅਕਾਰ ਵਾਲੀ ਹੁੰਦੀ ਹੈ। ਇਥੇ ਉਨ੍ਹਾਂ ਦੋਹਾਂ ਦਾ ਅੱਡ-ਅੱਡ ਪਰਿਚਯ ਜੋ ਕਿ ਪਰਮਪਿਤਾ ਪਰਮਾਤਮਾ ਸ਼ਿਵ ਨੇ ਹੁਣ ਖ਼ੁਦ ਸਾਨੂੰ ਸਮਝਾਇਆ ਅਤੇ ਅਨੁਭਵ ਕਰਾਇਆ ਹੈ, ਸਪੱਸ਼ਟ ਕੀਤਾ ਜਾ ਰਿਹਾ ਹੈ:-

### ਮਹਾਦੇਵ ਸ਼ੰਕਰ

1. ਇਹ ਬ੍ਰਹਮਾ ਅਤੇ ਵਿਸ਼ਨੂੰ ਦੀ ਤਰ੍ਹਾਂ ਸੂਖ਼ਮ ਸ਼ਰੀਰ-ਧਾਰੀ ਹੈ। ਇਨ੍ਹਾਂ ਨੂੰ ਮਹਾਦੇਵ ਕਿਹਾ ਜਾਂਦਾ ਹੈ ਪਰੰਤੂ ਇਨ੍ਹਾਂ ਨੂੰ 'ਪਰਮਾਤਮਾ' ਨਹੀਂ ਕਿਹਾ ਜਾ ਸਕਦਾ।
2. ਇਹ ਬ੍ਰਹਮਾ ਅਤੇ ਵਿਸ਼ਨੂੰ ਦੇਵਤਾ ਦੀ ਤਰ੍ਹਾਂ ਸੂਖ਼ਮ ਲੋਕ ਵਿਚ, ਸ਼ੰਕਰ ਪੁਰੀ ਵਿਚ ਵਾਸ ਕਰਦੇ ਹਨ।
3. ਬ੍ਰਹਮਾ ਦੇਵਤਾ ਅਤੇ ਵਿਸ਼ਨੂੰ ਦੇਵਤਾ ਦੀ ਤਰ੍ਹਾਂ ਇਹ ਵੀ ਪਰਮਾਤਮਾ ਸ਼ਿਵ ਦੀ ਇਕ ਰਚਨਾ ਹੈ।
4. ਇਹ ਸਿਰਫ ਮਹਾਵਿਨਾਸ਼ ਦਾ ਕਾਰਜ ਕਰਾਉਂਦੇ ਹਨ; ਸਥਾਪਨਾ ਅਤੇ ਪਾਲਨ ਦੇ ਕਰਤੱਵ ਇਨ੍ਹਾਂ ਦੇ ਨਹੀਂ ਹਨ।

### ਪਰਮਪਿਤਾ ਪਰਮਾਤਮਾ ਸ਼ਿਵ

1. ਇਹ ਚੇਤਨ ਜੋਤੀ-ਬਿੰਦੂ ਹਨ ਅਤੇ ਇਨ੍ਹਾਂ ਦਾ ਸਥੂਲ ਜਾਂ ਸੂਖ਼ਮ ਸ਼ਰੀਰ ਨਹੀਂ ਹੈ। ਇਹ ਪਰਮ-ਆਤਮਾ ਹੈ।
2. ਇਹ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਦੇ ਲੋਕ, ਅਰਥਾਤ 'ਸੂਖ਼ਮ ਦੇਵ ਲੋਕ' ਤੋਂ ਵੀ ਪਰੇ ਬ੍ਰਹਮ ਲੋਕ (ਮੁਕਤੀ ਧਾਮ) ਵਿਚ ਵਾਸ ਕਰਦੇ ਹਨ।
3. ਇਹ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਦੇ ਵੀ ਰਚਤਾ ਅਰਥਾਤ 'ਤ੍ਰਿਮੂਰਤੀ' ਹਨ।
4. ਇਹ ਬ੍ਰਹਮਾ ਦੁਆਰਾ ਸਥਾਪਨਾ, ਸ਼ੰਕਰ ਦੁਆਰਾ ਮਹਾਵਿਨਾਸ਼ ਅਤੇ ਵਿਸ਼ਨੂੰ ਦੁਆਰਾ ਵਿਸ਼ਵ ਦਾ ਪਾਲਨ ਕਰਾ ਕੇ ਵਿਸ਼ਵ ਦਾ ਕਲਿਆਣ ਕਰਦੇ ਹਨ।

### ਸ਼ਿਵ ਦਾ ਜਨਮ-ਉਤਸਵ ਰਾਤ ਨੂੰ ਕਿਉਂ?

'ਰਾਤ' ਅਸਲ ਵਿਚ ਅਗਿਆਨ, ਤਮੋਗੁਣ ਅਥਵਾ ਪਾਪਾਚਾਰ ਦੀ ਨਿਸ਼ਾਨੀ ਹੈ। ਦੁਆਪਰਜੁਗ ਅਤੇ ਕਲਿਜੁਗ ਦੇ ਸਮੇ ਨੂੰ 'ਰਾਤ' ਕਿਹਾ ਜਾਂਦਾ ਹੈ। ਕਲਿਜੁਗ ਦੇ ਅੰਤ ਵਿਚ ਜਦਕਿ ਸਾਧੂ, ਸੰਨਿਆਸੀ, ਗੁਰੂ, ਅਚਾਰੀਆ ਆਦਿ, ਸਾਰੇ ਮਨੁੱਖ ਪਤਿਤ ਅਤੇ ਦੁਖੀ ਹੁੰਦੇ ਹਨ ਅਤੇ ਅਗਿਆਨ ਦੀ ਨੀਂਦ ਵਿਚ ਸੋਏ ਹੁੰਦੇ ਹਨ, ਜਦੋਂ ਧਰਮ ਦੀ ਗਲਾਨੀ ਹੁੰਦੀ ਹੈ ਅਤੇ ਜਦ ਇਹ ਭਾਰਤ ਵਿਸ਼ੇ-ਵਿਕਾਰਾਂ ਦੇ ਕਾਰਣ ਵੇਸ਼ਾਲਿਆ ਬਣ ਜਾਂਦਾ ਹੈ, ਤਦ ਪਤਿਤ-ਪਾਵਨ ਪਰਮਪਿਤਾ ਪਰਮਾਤਮਾ ਸ਼ਿਵ ਇਸ ਸ੍ਰਿਸ਼ਟੀ ਵਿਚ ਦਿਵਯ-ਜਨਮ ਲੈਂਦੇ ਹਨ। ਇਸ ਲਈ ਦੂਜੇ ਸਾਰਿਆਂ ਦਾ ਜਨਮ-ਉਤਸਵ ਤਾਂ 'ਜਨਮ-ਦਿਨ' ਦੇ ਰੂਪ ਵਿਚ ਮਨਾਇਆ ਜਾਂਦਾ ਹੈ ਪਰੰਤੂ ਪਰਮਾਤਮਾ ਸ਼ਿਵ ਦੇ ਜਨਮ-ਦਿਨ ਨੂੰ 'ਸ਼ਿਵਰਾਤਰੀ (Birth-Night) ਹੀ ਕਿਹਾ ਜਾਂਦਾ ਹੈ। ਇਸ ਵਾਸਤੇ ਇਥੇ ਚਿੱਤਰ ਵਿਚ ਜੋ ਕਾਲਿਮਾ ਅਥਵਾ ਅੰਧਕਾਰ ਦਿਖਾਇਆ ਗਿਆ ਹੈ ਉਹ ਅਗਿਆਨ-ਅੰਧਕਾਰ ਅਥਵਾ ਵਿਸ਼ੇ-ਵਿਕਾਰਾਂ ਦੀ ਰਾਤ ਦਾ ਸੂਚਕ ਹੈ।

### ਗਿਆਨ-ਸੂਰਜ ਸ਼ਿਵ ਦੇ ਪ੍ਰਗਟ ਹੋਣ ਤੇ ਸ੍ਰਿਸ਼ਟੀ ਵਿਚ ਅਗਿਆਨ-ਅੰਧਕਾਰ ਅਤੇ ਵਿਕਾਰਾਂ ਦਾ ਖ਼ਾਤਮਾ

ਜਦੋਂ ਇਸ ਪ੍ਰਕਾਰ ਅਵਤਾਰ ਹੋ ਕੇ ਗਿਆਨ-ਸੂਰਜ ਪਰਮਪਿਤਾ ਪਰਮਾਤਮਾ ਸ਼ਿਵ ਗਿਆਨ-ਪ੍ਰਕਾਸ਼ ਦਿੰਦੇ ਹਨ ਤਾਂ ਕੁਝ ਹੀ ਸਮੇਂ ਵਿਚ ਗਿਆਨ ਦਾ ਪ੍ਰਭਾਵ ਸਾਰੇ ਵਿਸ਼ਵ ਵਿਚ ਫੈਲ ਜਾਂਦਾ ਹੈ ਅਤੇ ਕਲਿਜੁਗ ਅਤੇ ਤਮੋਗੁਣ ਦੀ ਜਗ੍ਹਾ ਸੰਸਾਰ ਵਿਚ ਸਤਿਜੁਗ ਅਤੇ ਸਤੋਗੁਣ ਦੀ ਸਥਾਪਨਾ ਹੋ ਜਾਂਦੀ ਹੈ ਅਤੇ ਅਗਿਆਨ-ਅੰਧਕਾਰ ਦਾ ਅਤੇ ਵਿਕਾਰਾਂ ਦਾ ਵਿਨਾਸ਼ ਹੋ ਜਾਂਦਾ ਹੈ। ਸਾਰੇ ਕਲਪ ਵਿਚ ਪਰਮਪਿਤਾ ਪਰਮਾਤਮਾ ਸ਼ਿਵ ਦੇ ਇਕ ਅਲੌਕਿਕ ਜਨਮ ਦੇ ਇਸ ਥੋੜ੍ਹੇ ਜਿਹੇ ਸਮੇਂ ਵਿਚ ਸ੍ਰਿਸ਼ਟੀ ਵੇਸ਼ਾਲਿਆ ਤੋਂ ਬਦਲ ਕੇ ਸ਼ਿਵਾਲਿਆ ਬਣ ਜਾਂਦੀ ਹੈ ਅਤੇ ਨਰ ਨੂੰ ਸ੍ਰੀ ਨਾਰਾਇਣ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਸ਼ਿਵਰਾਤਰੀ ਹੀਰੇ-ਤੁੱਲ ਹੈ।

# ਸ਼ੰਕਰ ਅਤੇ ਸ਼ਿਵ




सूक्ष्मलोक निवासी, विनाशकारी, आकारी देवता
(रचना)



परमधाम निवासी, कल्याणकारी, निराकार परमात्मा
(रचयिता)



# परमात्मा सर्वज्ञ और सर्वशक्तिवान है परन्तु सर्वव्यापी नहीं

# GOD IS NOT OMNIPRESENT



# ਇਕ ਮਹਾਨ ਭੁੱਲ

ਇਹ ਕਿੰਨੇ ਅਸਚਰਜ ਵਾਲੀ ਗੱਲ ਹੈ ਕਿ ਅੱਜ ਇਕ ਪਾਸੇ ਤਾਂ ਲੋਕ ਪਰਮਾਤਮਾ ਨੂੰ 'ਮਾਤਾ-ਪਿਤਾ' ਅਤੇ 'ਪਤਿਤ-ਪਾਵਨ' ਮੰਨਦੇ ਹਨ ਅਤੇ ਦੂਜੇ ਪਾਸੇ ਕਹਿੰਦੇ ਹਨ ਕਿ ਪਰਮਾਤਮਾ ਸਰਵਵਿਆਪਕ ਹੈ, ਅਰਥਾਤ ਉਹ ਤਾਂ ਠਿੱਕਰ-ਪੱਥਰ, ਸੱਪ, ਬਿੱਛੂ ਵਾਰਾਹ ਅਤੇ ਮਗਰਮੱਛ, ਚੋਰ ਅਤੇ ਡਾਕੂ ਸਾਰਿਆਂ ਵਿਚ ਹੈ! ਆਪਣੇ ਪਰਮ ਪਿਆਰੇ, ਪਰਮ-ਪਾਵਨ ਪਰਮਪਿਤਾ ਦੇ ਬਾਰੇ ਵਿਚ ਇਹ ਕਹਿਣਾ ਕਿ ਉਹ ਕੁੱਤੇ ਵਿਚ, ਬਿੱਲੇ ਵਿਚ, ਸਾਰਿਆਂ ਵਿਚ ਹੈ, ਇਹ ਕਿੰਨੀ ਵੱਡੀ ਭੁੱਲ ਹੈ! ਇਹ ਕਿੰਨਾ ਵੱਡਾ ਪਾਪ ਹੈ!! ਜੋ ਪਿਤਾ ਸਾਨੂੰ ਮੁਕਤੀ ਅਤੇ ਜੀਵਨਮੁਕਤੀ ਦੀ ਜਾਇਦਾਦ (ਜਨਮ-ਸਿੱਧ ਅਧਿਕਾਰ) ਦੇਂਦਾ ਹੈ ਅਤੇ ਸਾਨੂੰ ਪਤਿਤ ਤੋਂ ਪਾਵਨ ਬਣਾ ਕੇ ਸਵਰਗ ਦਾ ਰਾਜ ਦੇਂਦਾ ਹੈ, ਉਸ ਦੇ ਲਈ ਇਸ ਤਰ੍ਹਾਂ ਦੇ ਸ਼ਬਦ ਕਹਿਣਾ ਤਾਂ ਕ੍ਰਿਤਘਣਤਾ ਹੀ ਹੈ!!!

ਜੇਕਰ ਪਰਮਾਤਮਾ ਸਰਵਵਿਆਪੀ ਹੁੰਦੇ ਤਾਂ ਉਨ੍ਹਾਂ ਦੀ ਸ਼ਿਵਲਿੰਗ ਦੇ ਰੂਪ ਵਿਚ ਪੂਜਾ ਕਿਉਂ ਹੁੰਦੀ? ਜੇ ਕਰ ਉਹ ਯਤਰ-ਤਤਰ-ਸਰਵਤਰ ਹੁੰਦੇ ਤਾਂ ਉਹ 'ਦਿਵਯ-ਜਨਮ' ਕਿਵੇਂ ਲੈਂਦੇ; ਮਨੁੱਖ ਉਨ੍ਹਾਂ ਦੇ ਅਵਤਰਣ ਦੇ ਲਈ ਉਨ੍ਹਾਂ ਨੂੰ ਕਿਉਂ ਪੁਕਾਰਦੇ ਅਤੇ ਸ਼ਿਵਰਾਤਰੀ ਦਾ ਤਿਉਹਾਰ ਕਿਉਂ ਮਨਾਇਆ ਜਾਂਦਾ? ਜੇ ਕਰ ਪਰਮਾਤਮਾ ਸਰਵ-ਵਿਆਪਕ ਹੁੰਦੇ ਤਾਂ ਉਹ ਗੀਤਾ-ਗਿਆਨ ਕਿਵੇਂ ਦੇਂਦੇ ਅਤੇ ਗੀਤਾ ਵਿਚ ਲਿਖੇ ਹੋਏ ਉਨ੍ਹਾਂ ਦੇ ਇਹ ਮਹਾਵਾਕ ਕਿਵੇਂ ਸੱਚ ਸਿੱਧ ਹੁੰਦੇ ਕਿ ਮੈਂ ਪਰਮ-ਪੁਰਖ (ਪੁਰਸ਼ੋਤਮ) ਹਾਂ; ਮੈਂ ਸੂਰਜ ਅਤੇ ਤਾਰਿਆਂ ਦੇ ਪ੍ਰਕਾਸ਼ ਤੋਂ ਵੀ ਪਾਰ ਪਰਮ-ਧਾਮ ਦਾ ਵਾਸੀ ਹਾਂ; ਇਹ ਸ੍ਰਿਸ਼ਟੀ ਇਕ ਉਲਟਾ ਬ੍ਰਿਛ ਹੈ ਅਤੇ ਮੈਂ ਇਸ ਦਾ ਬੀਜ ਹਾਂ ਜੋ ਕਿ ਉਪਰ ਰਹਿੰਦਾ ਹਾਂ।"

ਇਹ ਜਿਹੜੀ ਮਾਨਤਾ ਹੈ ਕਿ "ਪਰਮਾਤਮਾ ਸਰਵ-ਵਿਆਪੀ ਹੈ", ਇਸ ਨਾਲ ਭਗਤੀ, ਗਿਆਨ, ਯੋਗ ਆਦਿ ਸਾਰਿਆਂ ਦਾ ਖੰਡਨ ਹੋ ਗਿਆ ਹੈ ਕਿਉਂਕਿ ਜੇਕਰ ਜੋਤੀ-ਸਰੂਪ ਭਗਵਾਨ ਦਾ ਕੋਈ ਨਾਂ ਅਤੇ ਰੂਪ ਹੀ ਨਾ ਹੋਵੇ ਤਾਂ ਨਾ ਉਨ੍ਹਾਂ ਨਾਲ ਕੋਈ ਸੰਬੰਧ ਜੋੜਿਆ ਜਾ ਸਕਦਾ ਹੈ, ਨਾ ਹੀ ਉਨ੍ਹਾਂ ਪ੍ਰਤੀ ਪਿਆਰ ਅਤੇ ਭਗਤੀ ਹੀ ਪ੍ਰਗਟ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਨਾਂ ਅਤੇ ਕਰਤੱਵਾਂ ਦੀ ਚਰਚਾ ਹੀ ਹੋ ਸਕਦੀ ਹੈ ਜਦਕਿ 'ਗਿਆਨ' ਦਾ ਤਾਂ ਅਰਥ ਹੀ ਕਿਸੇ ਦੇ ਨਾਂ, ਰੂਪ, ਧਾਮ ਗੁਣ, ਕਰਮ, ਸੁਭਾਅ, ਉਸ ਤੋਂ ਹੋਣ ਵਾਲੀ ਪ੍ਰਾਪਤੀ ਆਦਿ ਦਾ ਪਰਿਚਯ' ਹੈ। ਇਸ ਵਾਸਤੇ ਪਰਮਾਤਮਾ ਨੂੰ ਸਰਵਵਿਆਪੀ ਮੰਨਣ ਦੇ ਕਾਰਣ ਅੱਜ ਮਨੁੱਖ 'ਮਨਮਨਾਭਵ' ਅਤੇ 'ਮਾਮੇਕਮ ਸ਼ਰਣਮ ਵ੍ਰਜ' ਦੀ ਈਸ਼ਵਰੀ ਆਗਿਆ ਤੇ ਨਹੀਂ ਚਲ ਸਕਦੇ ਅਰਥਾਤ ਬੁੱਧੀ ਵਿਚ ਇਕ ਜੋਤੀ ਸਰੂਪ ਪਰਮਪਿਤਾ ਪਰਮਾਤਮਾ ਸ਼ਿਵ ਦੀ ਯਾਦ ਧਾਰਣ ਨਹੀਂ ਕਰ ਸਕਦੇ ਅਤੇ ਉਨ੍ਹਾਂ ਨਾਲ ਪਿਆਰ-ਸੰਬੰਧ ਨਹੀਂ ਜੋੜ ਸਕਦੇ ਸਗੋਂ ਉਨ੍ਹਾਂ ਦਾ ਮਨ ਭਟਕਦਾ ਰਹਿੰਦਾ ਹੈ। ਪਰਮਾਤਮਾ ਤਾਂ ਚੇਤਨ ਹੈ, ਉਹ ਸਾਡੇ ਪਰਮਪਿਤਾ ਹਨ, ਪਿਤਾ ਤਾਂ ਕਦੇ ਵੀ ਸਰਵਵਿਆਪੀ ਨਹੀਂ ਹੁੰਦਾ! ਇਸ ਵਾਸਤੇ ਪਰਮਪਿਤਾ ਪਰਮਾਤਮਾ ਨੂੰ ਸਰਵਵਿਆਪੀ ਮੰਨਣ ਕਾਰਨ ਸਾਰੇ ਨਰ-ਨਾਰੀ ਯੋਗ-ਭ੍ਰਸ਼ਟ ਅਤੇ ਪਤਿਤ ਹੋ ਗਏ ਹਨ ਅਤੇ ਉਸ ਪਰਮ-ਪਿਤਾ ਦੀ ਪਵਿੱਤਰਤਾ-ਸੁਖ-ਸ਼ਾਂਤੀ ਰੂਪੀ ਵਿਰਾਸਤ ਤੋਂ ਵਾਂਝੇ ਹਨ, ਦੁਖੀ ਅਤੇ ਅਸ਼ਾਂਤ ਹਨ।

ਇਸ ਵਾਸਤੇ ਸਪਸ਼ਟ ਹੈ ਕਿ ਭਗਤਾਂ ਦਾ ਇਹ ਜਿਹੜਾ ਕਥਨ ਹੈ ਕਿ "ਪਰਮਾਤਮਾ ਤਾਂ ਘੱਟ ਘੱਟ ਦਾ ਵਾਸੀ ਹੈ" ਇਸ ਦਾ ਵੀ ਇਹ ਅਰਥ ਲੈਣਾ ਠੀਕ ਨਹੀਂ ਹੈ। ਅਸਲ ਵਿਚ 'ਘੱਟ' ਅਥਵਾ 'ਹਿਰਦਾ' ਨੂੰ ਪ੍ਰੇਮ ਅਤੇ ਯਾਦ ਦਾ ਸਥਾਨ ਮੰਨਿਆ ਗਿਆ ਹੈ। ਦੁਆਪਰਜੁਗ ਦੇ ਸ਼ੁਰੂ ਵਿਚ ਲੋਕਾਂ ਵਿਚ ਈਸ਼ਵਰ-ਭਗਤੀ ਅਥਵਾ ਪ੍ਰਭੂ ਵਿਚ ਵਿਸ਼ਵਾਸ ਅਤੇ ਸ਼ਰਧਾ ਬਹੁਤ ਸੀ। ਕੋਈ ਵਿਰਲਾ ਹੀ ਇਸ ਤਰ੍ਹਾਂ ਦਾ ਵਿਅਕਤੀ ਹੁੰਦਾ ਸੀ ਜਿਹੜਾ ਪਰਮਾਤਮਾ ਨੂੰ ਨਾ ਮੰਨਦਾ ਹੋਵੇ। ਇਸ ਤਰ੍ਹਾਂ ਉਸ ਵੇਲੇ ਭਾਵ-ਵਿਭੋਰ ਭਗਤ ਇਹ ਕਹਿ ਦਿੰਦੇ ਸਨ ਕਿ ਈਸ਼ਵਰ ਤਾਂ ਘੱਟ ਘੱਟ ਵਾਸੀ ਹੈ ਅਰਥਾਤ ਉਸ ਨੂੰ ਤਾਂ ਸਾਰੇ ਪਿਆਰ ਅਤੇ ਯਾਦ ਕਰਦੇ ਹਨ ਅਤੇ ਸਾਰਿਆਂ ਦੇ ਮਨ ਵਿਚ ਈਸ਼ਵਰ ਦਾ ਚਿੱਤਰ ਵਸ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਇਹ ਅਰਥ ਲੈਣਾ ਕਿ ਈਸ਼ਵਰ ਹੀ ਸਾਰਿਆਂ ਦੇ ਹਿਰਦਿਆਂ ਵਿਚ ਵਸ ਰਿਹਾ ਹੈ, ਭੁੱਲ ਹੈ।

# ਸ਼੍ਰਿਸ਼ਟੀ ਰੂਪੀ ਉਲਟਾ ਤੇ ਨਿਰਾਲਾ ਬ੍ਰਿਛ ਅਤੇ ਉਸਦੇ ਬੀਜਰੂਪ ਪਰਮਾਤਮਾ

ਭਗਵਾਨ ਨੇ ਇਸ ਸ਼੍ਰਿਸ਼ਟੀ ਰੂਪੀ ਬ੍ਰਿਛ ਦੀ ਤੁਲਨਾ ਇਕ ਉਲਟੇ ਬ੍ਰਿਛ ਨਾਲ ਕੀਤੀ ਹੈ ਕਿਉਂਕਿ ਦੂਜੇ ਬ੍ਰਿਛਾਂ ਦੇ ਬੀਜ ਤਾਂ ਧਰਤੀ ਦੇ ਅੰਦਰ ਬੀਜੇ ਜਾਂਦੇ ਹਨ ਅਤੇ ਬ੍ਰਿਛ ਉਪਰ ਨੂੰ ਉਗਦੇ ਹਨ ਪਰੰਤੂ ਮਨੁੱਖ-ਸ਼੍ਰਿਸ਼ਟੀ ਰੂਪੀ ਬ੍ਰਿਛ ਦੇ ਜੋ ਅਵਿਨਾਸ਼ੀ ਅਤੇ ਚੇਤਨ ਬੀਜ ਸਰੂਪ ਪਰਮਾਤਮਾ ਸ਼ਿਵ ਹਨ, ਉਹ ਖ਼ੁਦ ਉਪਰ ਪਰਮਧਾਮ ਅਥਵਾ ਬ੍ਰਹਮਲੋਕ ਵਿਚ ਨਿਵਾਸ ਕਰਦੇ ਹਨ।

ਚਿੱਤਰ ਵਿਚ ਸਭ ਤੋਂ ਹੇਠਾਂ ਕਲਿਜੁਗ ਦੇ ਅਖ਼ੀਰ ਅਤੇ ਸਤਿਜੁਗ ਦੇ ਸ਼ੁਰੂ ਦਾ ਸੰਗਮ ਦਿਖਾਇਆ ਗਿਆ ਹੈ। ਉਥੇ ਸਫੇਦ-ਵਸਤਰਧਾਰੀ ਪ੍ਰਜਾਪਿਤਾ ਬ੍ਰਹਮਾ, ਜਗਦੰਬਾ ਸਰਸਵਤੀ ਅਤੇ ਕੁਝ ਬ੍ਰਾਹਮਣੀਆਂ ਅਤੇ ਬ੍ਰਾਹਮਣ ਸਹਿਜ ਰਾਜਯੋਗ ਦੀ ਸਥਿਤੀ ਵਿਚ ਬੈਠੇ ਹਨ। ਇਸ ਚਿੱਤਰ ਰਾਹੀਂ ਇਹ ਭੇਦ ਪ੍ਰਗਟ ਕੀਤਾ ਗਿਆ ਹੈ ਕਿ ਕਲਿਜੁਗ ਦੇ ਅਖ਼ੀਰ ਵਿਚ ਅਗਿਆਨ ਰੂਪੀ ਰਾਤ ਦੇ ਸਮੇਂ, ਸ੍ਰਿਸ਼ਟੀ ਦੇ ਬੀਜਰੂਪ, ਕਲਿਆਣਕਾਰੀ, ਗਿਆਨ ਸਾਗਰ ਪਰਮਪਿਤਾ ਪਰਮਾਤਮਾ ਸ਼ਿਵ ਨਵੀਂ, ਪਵਿੱਤਰ ਸ੍ਰਿਸ਼ਟੀ ਬਣਾਉਣ ਦੇ ਸੰਕਲਪ ਨਾਲ ਪ੍ਰਜਾਪਿਤਾ ਬ੍ਰਹਮਾ ਦੇ ਤਨ ਵਿਚ ਅਵਤਰਿਤ (ਪ੍ਰਵੇਸ਼) ਹੋਏ ਅਤੇ ਉਨ੍ਹਾਂ ਨੇ ਪ੍ਰਜਾਪਿਤਾ ਬ੍ਰਹਮਾ ਦੇ ਕਮਲ ਮੁਖ ਦੁਆਰਾ ਮੂਲ ਗੀਤਾ ਗਿਆਨ ਅਤੇ ਸਹਿਜ ਰਾਜਯੋਗ ਦੀ ਸਿਖਿਆ ਦਿਤੀ, ਜਿਸ ਨੂੰ ਧਾਰਣ ਕਰਨ ਵਾਲੇ ਨਰ-ਨਾਰੀ 'ਪਵਿੱਤਰ-ਬ੍ਰਾਹਮਣ' ਕਹਿਲਾਏ। ਇਹ ਬ੍ਰਾਹਮਣ ਅਤੇ ਬ੍ਰਾਹਮਣੀਆ-ਸਰਸਵਤੀ ਆਦਿ- ਜਿਨ੍ਹਾਂ ਨੂੰ ਹੀ 'ਸ਼ਿਵ-ਸ਼ਕਤੀਆਂ' ਵੀ ਕਿਹਾ ਜਾਂਦਾ ਹੈ, ਪ੍ਰਜਾਪਿਤਾ ਬ੍ਰਹਮਾ ਦੇ ਮੁਖ ਤੋਂ (ਗਿਆਨ ਦੁਆਰਾ) ਪੈਦਾ ਹੋਏ। ਇਸ ਛੋਟੇ ਜਿਹੇ ਜੁਗ ਨੂੰ 'ਸੰਗਮ ਜੁਗ' ਕਿਹਾ ਜਾਂਦਾ ਹੈ। ਉਹ ਜੁਗ ਸ੍ਰਿਸ਼ਟੀ ਦਾ ਧਰਮਾਓ ਜੁਗ (Leap Yuga) ਵੀ ਕਹਿਲਾਉਂਦਾ ਹੈ ਅਤੇ ਇਸ ਨੂੰ ਹੀ 'ਪੁਰਸ਼ੋਤਮ ਜੁਗ' ਅਥਵਾ 'ਗੀਤਾ ਜੁਗ' (Gita Epoch) ਵੀ ਕਿਹਾ ਜਾ ਸਕਦਾ ਹੈ।

ਸਤਿਜੁਗ ਵਿਚ ਸ੍ਰੀ ਲਕਸ਼ਮੀ ਅਤੇ ਸ੍ਰੀ ਨਰਾਇਣ ਦਾ ਅਟੱਲ, ਅਖੰਡ, ਨਿਰਵਿਘਨ ਅਤੇ ਬਹੁਤ ਸੁਖਕਾਰੀ ਰਾਜ ਸੀ। ਮਸ਼ਹੂਰ ਹੈ ਕਿ ਉਸ ਵੇਲੇ ਦੁੱਧ ਅਤੇ ਘਿਓ ਦੀਆਂ ਨਦੀਆਂ ਵਹਿੰਦੀਆਂ ਸਨ ਅਤੇ ਸ਼ੇਰ ਅਤੇ ਗਾਂ ਵੀ ਇਕ ਘਾਟ ਤੇ ਪਾਣੀ ਪੀਂਦੇ ਸਨ। ਉਸ ਵੇਲੇ ਦਾ ਭਾਰਤ ਡਬਲ ਸਿਰਤਾਜ (Double Crowned) ਸੀ। ਸਾਰੇ ਸਦਾਸੁਅਸਥ (Ever-healthy), ਸਦਾ ਧਨਵਾਨ (Ever-wealthy) ਅਤੇ ਸਦਾ ਸੁਖੀ (Ever-happy) ਸਨ। ਉਸ ਵੇਲੇ ਕਾਮ-ਕ੍ਰੋਧ ਆਦਿ ਵਿਕਾਰਾਂ ਦਾ, ਲੜਾਈ ਅਥਵਾ ਹਿੰਸਾ ਦਾ ਅਤੇ ਅਸ਼ਾਂਤੀ-ਦੁਖ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਉਸ ਵੇਲੇ ਦੇ ਭਾਰਤ ਨੂੰ 'ਸਵਰਗ' ਬੇਕੁੰਠ, ਬਹਿਸ਼ਤ ਸੁਖਧਾਮ ਅਥਵਾ ਹੈਵਨਲੀ ਅਬੋਡ (Heavenly-Abode) ਕਿਹਾ ਜਾਂਦਾ ਹੈ। ਉਸ ਵੇਲੇ ਸਾਰੇ ਜੀਵਨਮੁਕਤ ਅਤੇ ਪੂਜ ਸਨ ਅਤੇ ਉਨ੍ਹਾਂ ਦੀ ਔਸਤ ਉਮਰ ਲਗਭਗ 150 ਸਾਲ ਸੀ। ਉਸ ਜੁਗ ਦੇ ਲੋਕਾਂ ਨੂੰ 'ਦੇਵਤਾ ਵਰਣ' ਕਿਹਾ ਜਾਂਦਾ ਹੈ। ਪੂਜ ਵਿਸ਼ਵ ਮਹਾਰਾਣੀ ਸ੍ਰੀ ਲਕਸ਼ਮੀ ਅਤੇ ਪੂਜ ਵਿਸ਼ਵ ਮਹਾਰਾਜਨ ਸ੍ਰੀ ਨਾਰਾਇਣ ਦੇ ਸੂਰਜ ਵੰਸ਼ ਵਿਚ ਕੁਲ 8 ਸੂਰਜਵੰਸ਼ੀ ਮਹਾਰਾਣੀ ਅਤੇ ਮਹਾਰਾਜਾ ਹੋਏ ਜਿਨ੍ਹਾਂ ਨੇ ਕਿ 1250 ਸਾਲਾਂ ਤਕ ਚੱਕਰਵਰਤੀ ਰਾਜ ਕੀਤਾ।

ਤ੍ਰੇਤਾਜੁਗ ਵਿਚ ਸ੍ਰੀ ਸੀਤਾ ਅਤੇ ਸ੍ਰੀ ਰਾਮ ਚੰਦਰਵੰਸ਼ੀ, 14 ਕਲਾ ਗੁਣਵਾਨ ਅਤੇ ਸੰਪੂਰਣ ਨਿਰਵਿਕਾਰੀ ਸਨ। ਉਨ੍ਹਾਂ ਦੇ ਰਾਜ ਦੀ ਵੀ ਭਾਰਤ ਵਿਚ ਬਹੁਤ ਮਹਿਮਾ ਹੈ।

ਸਤਿਜੁਗ ਅਤੇ ਤ੍ਰੇਤਾਜੁਗ ਦਾ 'ਆਦਿ ਸਨਾਤਨ ਦੇਵੀ-ਦੇਵਤਾ ਧਰਮ-ਵੰਸ' ਹੀ ਇਸ ਮਨੁੱਖ-ਸ੍ਰਿਸ਼ਟੀ ਰੂਪੀ ਬ੍ਰਿਛ ਦਾ ਤਨਾ ਅਤੇ ਮੂਲ ਹੈ ਜਿਸ ਤੋਂ ਬਾਅਦ ਹੀ ਅਨੇਕ ਧਰਮ ਰੂਪੀ ਸ਼ਾਖਾਵਾਂ ਨਿਕਲਦੀਆਂ ਹਨ। ਦੁਆਪਰਜੁਗ ਵਿਚ ਦੇਹ-ਅਭਿਮਾਨ ਅਤੇ ਕਾਮ-ਕ੍ਰੋਧ ਆਦਿ ਵਿਕਾਰਾਂ ਦਾ ਪ੍ਰਗਟਾਵਾ ਹੋਇਆ। ਦੈਵੀ ਸੁਭਾਅ ਦੀ ਜਗ੍ਹਾ ਆਸੁਰੀ ਸੁਭਾਅ ਨੇ ਲੈਣੀ ਸ਼ੁਰੂ ਕੀਤੀ। ਸ੍ਰਿਸ਼ਟੀ ਵਿਚ ਦੁਖ ਅਤੇ ਅਸ਼ਾਂਤੀ ਦਾ ਵੀ ਰਾਜ ਸ਼ੁਰੂ ਹੋਇਆ। ਉਨ੍ਹਾਂ ਤੋਂ ਬੱਚਣ ਦੇ ਲਈ ਮਨੁੱਖ ਨੇ ਪੂਜਾ ਅਤੇ ਭਗਤੀ ਸ਼ੁਰੂ ਕੀਤੀ। ਰਿਸ਼ੀ ਲੋਕ ਸ਼ਾਸਤਰਾਂ ਦੀ ਰਚਨਾ ਕਰਨ ਲਗੇ। ਯੱਗ, ਤੱਪ ਆਦਿ ਦੀ ਵੀ ਸ਼ੁਰੂਆਤ ਹੋਈ।

ਕਲਿਜੁਗ ਵਿਚ ਲੋਕ ਪਰਮਾਤਮਾ ਸ਼ਿਵ ਦੀ ਅਤੇ ਦੇਵਤਿਆਂ ਦੀ ਪੂਜਾ ਦੇ ਸਿਵਾਏ ਸੂਰਜ ਦੀ, ਪਿੱਪਲ ਦੇ ਬ੍ਰਿਛ ਦੀ, ਅੱਗ ਦੀ, ਅਤੇ ਦੂਜੇ ਜੜ੍ਹ ਤੱਤਾਂ ਦੀ ਪੂਜਾ ਕਰਨ ਲਗੇ ਅਤੇ ਬਿਲਕੁਲ ਦੇਹ-ਅਭਿਮਨੀ, ਵਿਕਾਰੀ ਅਤੇ ਪਤਿਤ ਬਣ ਗਏ। ਉਨ੍ਹਾਂ ਦਾ ਅਹਾਰ-ਵਿਹਾਰ, ਦ੍ਰਿਸ਼ਟੀ-ਵਿਰਤੀ, ਮਨ, ਵਚਨ ਅਤੇ ਕਰਮ ਤਮੋਗੁਣੀ ਅਤੇ ਵਿਕਾਰ ਅਧੀਨ ਹੋ ਗਿਆ।

ਕਲਿਜੁਗ ਦੇ ਅਖ਼ੀਰ ਵਿਚ ਸਾਰੇ ਮਨੁੱਖ ਤਮੋਪ੍ਰਧਾਨ ਅਤੇ ਆਸੁਰੀ ਲੱਛਣਾਂ ਵਾਲੇ ਹੁੰਦੇ ਹਨ। ਇਸ ਤਰ੍ਹਾਂ ਸਤਿਜੁਗ ਅਤੇ ਤ੍ਰੇਤਾਜੁਗ ਦੀ ਸਤੋਗੁਣੀ, ਦੈਵੀ ਸ੍ਰਿਸ਼ਟੀ ਸਵਰਗ (ਬੇਕੁੰਠ) ਅਤੇ ਉਸ ਦੀ ਤੁਲਨਾ ਵਿਚ ਦੁਆਪਰਜੁਗ ਅਤੇ ਕਲਿਜੁਗ ਦੀ ਸ੍ਰਿਸ਼ਟੀ ਹੀ 'ਨਰਕ' ਹੈ।

# कल्प-वृक्ष


कल्प - वृक्ष
प्राकृतिक आपदाओं, अन्तर्राष्ट्रीय
युद्ध और गृह-युद्धों द्वारा विनाश
नरक
विज्ञान गर्वित अमेरिका और
युरोपवासी यादव लड़ेंगे
परमपिता परमात्मा से विपरीत
बुद्धि भारतवासी कौरव
कल्प वृक्ष की आयु
5000 वर्ष है।
समाज
मठ और मण्डप
मुहम्मद द्वारा स्थापित
क्राईस्ट द्वारा स्थापित
इब्राहिम द्वारा स्थापित
2500 वर्ष
नानक द्वारा स्थापित
शंकराचार्य द्वारा स्थापित
बुद्ध द्वारा स्थापित
2250 वर्ष
परमात्मा
शिव
प्रजापिता
ब्रह्मा
जगदम्बा
सरस्वती
वन्दे मातरम्
भारत माताओं की जय
शिव शक्ति पांडव सेना
वैजयन्ती माला
अविनाशी बीज-रूप परमात्मा शिव
सृष्टि रूपी कल्प-वृक्ष के आदि
मध्य और अन्त को जानने वाले हैं।
ब्रह्मा
सरस्वती
परमपिता परमात्मा शिव का अवतरण
सर्वोत्तम ब्राह्मणों का संगम युग

# ਪ੍ਰਭੂ-ਮਿਲਨ ਦਾ ਗੁਪਤ ਜੁਗ-ਪੁਰਸ਼ੋਤਮ ਸੰਗਮ ਜੁਗ



# ਪ੍ਰਭੂ ਮਿਲਨ ਦਾ ਗੁਪਤ ਜੁਗ-ਪੁਰਸ਼ੋਤਮ ਸੰਗਮ ਜੁਗ

ਭਾਰਤ ਵਿਚ ਆਦਿ ਸਨਾਤਨ ਧਰਮ ਦੇ ਲੋਕ ਜਿਵੇਂ ਦੂਜੇ ਤਿਉਹਾਰਾਂ, ਪਰਬਾਂ ਆਦਿ ਨੂੰ ਬੜੀ ਸ਼ਰਧਾ ਨਾਲ ਮਨਾਉਂਦੇ ਹਨ, ਤਿਵੇਂ ਹੀ ਉਹ ਪੁਰਸ਼ੋਤਮ ਮਾਹ ਨੂੰ ਵੀ ਮਨਾਉਂਦੇ ਹਨ। ਇਸ ਮਾਹ ਵਿਚ ਲੋਕ ਤੀਰਥ ਯਾਤਰਾ ਦੀ ਖ਼ਾਸ ਮਹਿਮਾ ਮੰਨਦੇ ਹਨ ਅਤੇ ਬਹੁਤ ਦਾਨ-ਪੁੰਨ ਵੀ ਕਰਦੇ ਹਨ ਅਤੇ ਅਧਿਆਤਮਕ ਗਿਆਨ ਦੀ ਚਰਚਾ ਵਿਚ ਵੀ ਕਾਫ਼ੀ ਸਮਾਂ ਦਿੰਦੇ ਹਨ। ਉਹ ਸਵੇਰੇ ਅੰਮ੍ਰਿਤ ਵੇਲੇ ਹੀ ਗੰਗਾ-ਇਸਨਾਨ ਕਰਨ ਵਿਚ ਬਹੁਤ ਪੁੰਨ ਸਮਝਦੇ ਹਨ।

ਅਸਲ ਵਿਚ 'ਪੁਰਸ਼ੋਤਮ' ਸ਼ਬਦ ਪਰਮਪਿਤਾ ਪਰਮਾਤਮਾ ਹੀ ਦਾ ਸੂਚਕ ਹੈ। ਜਿਵੇਂ 'ਆਤਮਾ' ਨੂੰ ਪੁਰਖ ਵੀ ਕਿਹਾ ਜਾਂਦਾ ਹੈ, ਤਿਵੇਂ ਹੀ ਪਰਮਾਤਮਾ ਦੇ ਲਈ 'ਪਰਮ-ਪੁਰਖ' ਅਥਵਾ 'ਪੁਰਸ਼ੋਤਮ' ਸ਼ਬਦ ਦਾ ਪ੍ਰਯੋਗ ਹੁੰਦਾ ਹੈ ਕਿਉਂਕਿ ਉਹ ਸਾਰੇ ਪੁਰਖਾਂ (ਆਤਮਾਵਾਂ) ਵਿਚੋਂ ਗਿਆਨ, ਸ਼ਾਂਤੀ, ਪਵਿੱਤਰਤਾ ਅਤੇ ਸ਼ਕਤੀ ਵਿਚ ਉੱਤਮ ਹਨ। 'ਪੁਰਸ਼ੋਤਮ ਮਾਹ' ਕਲਿਜੁਗ ਦੇ ਅਖ਼ੀਰ ਅਤੇ ਸਤਿਜੁਗ ਦੇ ਸ਼ੁਰੂ ਦੇ ਸੰਗਮ ਜੁਗ ਦੀ ਯਾਦ ਦਿਲਾਉਂਦਾ ਹੈ ਕਿਉਂਕਿ ਇਸ ਜੁਗ ਵਿਚ 'ਪੁਰਸ਼ੋਤਮ' (ਪਰਮਪਿਤਾ ਪਰਮਾਤਮਾ) ਦਾ ਅਵਤਰਨ ਹੁੰਦਾ ਹੈ। ਸਤਜੁਗ ਦੇ ਸ਼ੁਰੂ ਤੋਂ ਲੈ ਕੇ ਕਲਿਜੁਗ ਦੇ ਅਖ਼ੀਰ ਤਕ ਤਾਂ ਮਨੁੱਖਾਤਮਾਵਾਂ ਦਾ ਜਨਮ-ਪੁਨਰਜਨਮ ਹੁੰਦਾ ਹੀ ਰਹਿੰਦਾ ਹੈ, ਪਰੰਤੂ ਕਲਿਜੁਗ ਦੇ ਅਖੀਰ ਵਿਚ ਸਤਜੁਗ ਅਤੇ ਸਤਧਰਮ ਦੀ ਅਤੇ ਉੱਤਮ ਮਰਿਆਦਾ ਦੀ ਫੇਰ ਸਥਾਪਨਾ ਕਰਨ ਦੇ ਲਈ ਪੁਰਸ਼ੋਤਮ (ਪਰਮਾਤਮਾ) ਨੂੰ ਆਉਣਾ ਪੈਂਦਾ ਹੈ। ਇਸ 'ਸੰਗਮਜੁਗ' ਵਿਚ ਪਰਮਪਿਤਾ ਪਰਮਾਤਮਾ ਮਨੁੱਖਾਤਮਾਵਾਂ ਨੂੰ ਗਿਆਨ ਅਤੇ ਸਹਿਜ ਰਾਜ ਯੋਗ ਸਿਖਾ ਕੇ ਵਾਪਸ ਪਰਮਧਾਮ ਜਾਂ ਬ੍ਰਹਮਲੋਕ ਵਿਚ ਲੈ ਜਾਂਦੇ ਹਨ ਅਤੇ ਦੂਜੀਆਂ ਮਨੁੱਖਾਤਮਾਵਾਂ ਨੂੰ ਸ੍ਰਿਸ਼ਟੀ ਦੇ ਮਹਾਵਿਨਾਸ਼ ਦੇ ਦੁਆਰਾ ਅਸ਼ਰੀਰੀ ਕਰਕੇ ਮੁਕਤੀ ਧਾਮ ਲੈ ਜਾਂਦੇ ਹਨ। ਇਸ ਪ੍ਰਕਾਰ ਸਾਰੀਆਂ ਮਨੁੱਖਾਤਮਵਾਂ ਸ਼ਿਵਪੁਰੀ ਅਥਵਾ ਵਿਸ਼ਨੂਪੁਰੀ ਦੀ ਅਵਿਅੱਕਤ ਅਤੇ ਅਧਿਆਤਮਕ ਯਾਤਰਾ ਕਰਦੀਆਂ ਹਨ ਅਤੇ ਗਿਆਨ-ਚਰਚਾ ਜਾਂ ਗਿਆਨ-ਗੰਗਾ ਵਿਚ ਇਸ਼ਨਾਨ ਕਰਕੇ ਪਾਵਨ ਬਣਦੀਆਂ ਹਨ। ਪਰੰਤੂ ਅੱਜ ਲੋਕ ਇਨ੍ਹਾਂ ਭੇਦਾਂ ਨੂੰ ਨਾ ਜਾਨਣ ਦੇ ਕਾਰਣ ਗੰਗਾ ਨਦੀ ਵਿਚ ਇਸ਼ਨਾਨ ਕਰਦੇ ਹਨ ਅਤੇ ਸ਼ਿਵ ਤੇ ਵਿਸ਼ਨੂੰ ਦੀ ਸਥੂਲ ਯਾਦਗਾਰਾਂ ਦੀ ਹੀ ਯਾਤਰਾ ਕਰਦੇ ਹਨ। ਅਸਲ ਵਿਚ 'ਪੁਰਸ਼ੋਤਮ ਮਾਹ' ਵਿਚ ਜਿਹੜੇ ਦਾਨ ਦਾ ਮਹੱਤਵ ਹੈ, ਉਹ ਦਾਨ ਪੰਜ ਵਿਕਾਰਾਂ ਦਾ ਦਾਨ ਹੈ। ਪਰਮਪਿਤਾ ਪਰਮਾਤਮਾ ਜਦੋਂ ਪੁਰਸ਼ੋਤਮ ਜੁਗ ਵਿਚ ਅਵਤਰਿਤ ਹੁੰਦੇ ਹਨ ਤਾਂ ਮਨੁੱਖਾਤਮਾਵਾਂ ਨੂੰ ਬੁਰਾਈਆਂ ਜਾਂ ਵਿਕਾਰਾਂ ਦਾ ਦਾਨ ਦੇਣ ਦੀ ਸਿਖਿਆ ਦੇਂਦੇ ਹਨ। ਇਸ ਪ੍ਰਕਾਰ ਉਹ ਕਾਮ-ਕ੍ਰੋਧ ਆਦਿ ਵਿਕਾਰਾਂ ਨੂੰ ਤਿਆਗ ਉੱਤਮ ਮਰਿਆਦਾ ਵਾਲੇ ਬਣ ਜਾਂਦੇ ਹਨ ਅਤੇ ਉਸ ਤੋਂ ਬਾਅਦ ਸਤਜੁਗ, ਦੇਵਜੁਗ ਜਾਂ ਸਵਰਗ ਦਾ ਆਰੰਭ ਹੋ ਜਾਂਦਾ ਹੈ। ਅੱਜ ਜੇਕਰ ਇਨ੍ਹਾਂ ਭੇਦਾਂ ਨੂੰ ਜਾਣ ਕੇ ਮਨੁੱਖ ਵਿਕਾਰਾਂ ਦਾ ਦਾਨ ਦੇਵੇ, ਗਿਆਨ-ਗੰਗਾ ਵਿਚ ਰੋਜ਼ਾਨਾ ਇਸ਼ਨਾਨ ਕਰੇ ਅਤੇ ਯੋਗ ਰਾਹੀਂ ਦੇਹ ਤੋਂ ਨਿਆਰਾ ਹੋ ਕੇ ਸੱਚੀ ਅਧਿਆਤਮਕ ਯਾਤਰਾ ਕਰੇ ਤਾਂ ਵਿਸ਼ਵ ਵਿਚ ਦੁਬਾਰਾ ਸੁਖ-ਸ਼ਾਂਤੀ ਸੰਪੰਨ ਰਾਮਰਾਜ (ਸਵਰਗ) ਦੀ ਸਥਾਪਨਾ ਹੋ ਜਾਵੇਗੀ ਅਤੇ ਨਰ ਅਤੇ ਨਾਰੀ ਨਰਕ 'ਚੋ ਨਿਕਲ ਸਵਰਗ ਵਿਚ ਪਹੁੰਚ ਜਾਣਗੇ। ਚਿੱਤਰ ਵਿਚ ਵੀ ਇਸੇ ਭੇਦ ਨੂੰ ਦਰਸਾਇਆ ਗਿਆ ਹੈ।

ਇਥੇ ਸੰਗਮ ਜੁਗ ਵਿਚ ਸਫ਼ੇਦ-ਵਸਤਰਧਾਰੀ ਪ੍ਰਜਾਪਿਤਾ ਬ੍ਰਹਮਾ, ਜਗਦੰਬਾ ਸਰਸਵਤੀ ਅਤੇ ਕੁਝ ਮੁਖਵੰਸ਼ੀ ਬ੍ਰਾਹਮਣ ਅਤੇ ਬ੍ਰਾਹਮਣੀਆਂ ਨੂੰ ਪਰਮਪਿਤਾ ਪਰਮਾਤਮਾ ਸ਼ਿਵ ਨਾਲ ਯੋਗ ਲਗਾਉਂਦੇ ਹੋਏ ਦਿਖਾਇਆ ਗਿਆ ਹੈ। ਇਸ ਰਾਜਯੋਗ ਦੁਆਰਾ ਹੀ ਮਨ ਦੀ ਮੈਲ ਸਾਫ਼ ਹੁੰਦੀ ਹੈ, ਪਿਛਲੇ ਵਿਕਰਮ ਭਸਮ ਹੁੰਦੇ ਹਨ ਅਤੇ ਸੰਸਕਾਰ ਸਤੋਪ੍ਰਧਾਨ ਬਣਦੇ ਹਨ। ਇਸੇ ਤਰ੍ਹਾਂ ਖੱਬੇ ਪਾਸੇ ਨਰਕ ਦੇ ਵਿਅਕਤੀ ਗਿਆਨ ਅਤੇ ਯੋਗ ਦੀ ਅਗਨੀ ਜਲਾ ਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਇਸ ਸੂਖ਼ਮ ਅਗਨੀ ਵਿਚ ਸਵਾਹ ਕਰਦੇ ਦਿਖਾਏ ਗਏ ਹਨ। ਇਸ ਦੇ ਨਤੀਜ਼ੇ ਵਜੋਂ, ਉਹ ਨਰ ਤੋਂ ਸ੍ਰੀ ਨਰਾਇਣ ਅਤੇ ਨਾਰੀ ਤੋਂ ਸ੍ਰੀ ਲਕਸ਼ਮੀ ਬਣ ਕੇ ਅਰਥਾਤ 'ਮਨੁੱਖ ਤੋਂ ਦੇਵਤਾ' ਪਦਵੀ ਦਾ ਅਧਿਕਾਰ ਪਾ ਕੇ ਸੁਖਧਾਮ, ਬੈਕੁੰਠ ਅਥਵਾ ਸਵਰਗ ਦੇ ਪਵਿੱਤਰ ਅਤੇ ਸੰਪੂਰਣ ਸੁਖ-ਸ਼ਾਂਤੀ ਸੰਪੰਨ ਸਵਰਾਜ ਦੇ ਅਧਿਕਾਰੀ ਬਣੇ ਹਨ।

ਮਲੂਮ ਰਹੇ ਕਿ ਵਰਤਮਾਨ ਸਮੇਂ ਇਹ ਸੰਗਮਜੁਗ ਹੀ ਚਲ ਰਿਹਾ ਹੈ। ਹੁਣ ਇਹ ਕਲਿਜੁਗੀ ਸ੍ਰਿਸ਼ਟੀ ਨਰਕ ਅਰਥਾਤ ਦੁਖਧਾਮ ਹੈ, ਹੁਣ ਨਿਕਟ ਭੱਵਿਖ ਵਿਚ ਸਤਜੁਗ ਆਉਣ ਵਾਲਾ ਹੈ ਜਦ ਕਿ ਇਹੋ ਸ੍ਰਿਸ਼ਟੀ ਸੁਖਧਾਮ ਹੋਵੇਗੀ। ਇਸ ਵਾਸਤੇ ਹੁਣ ਸਾਨੂੰ ਪਵਿੱਤਰ ਅਤੇ ਯੋਗੀ ਬਣਨਾ ਚਾਹੀਦਾ ਹੈ।

# ਮਨੁੱਖ ਦੇ 84 ਜਨਮਾਂ ਦੀ ਨਿਰਾਲੀ ਕਹਾਣੀ

ਮਨੁੱਖਾਤਮਾ ਸਾਰੇ ਕਲਪ ਵਿਚ ਜ਼ਿਆਦਾ ਤੋਂ ਜ਼ਿਆਦਾ ਕੁੱਲ 84 ਜਨਮ ਲੈਂਦੀ ਹੈ; ਉਹ 84 ਲੱਖ ਜੂਨੀਆਂ ਵਿਚ ਪੁਨਰਜਨਮ ਨਹੀਂ ਲੈਂਦੀ। ਮਨੁੱਖਾਤਮਾਵਾਂ ਦੇ 84 ਜਨਮਾਂ ਦੇ ਚੱਕਰ ਨੂੰ ਹੀ ਇਥੇ 84 ਪੌੜੀਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ। ਕਿਉਂਕਿ ਪ੍ਰਜਾਪਿਤਾ ਬ੍ਰਹਮਾ ਅਤੇ ਜਗਦੰਬਾ ਸਰਸਵਤੀ ਮਨੁੱਖ-ਸਮਾਜ ਦੇ ਆਦਿ ਪਿਤਾ ਅਤੇ ਆਦਿ ਮਾਤਾ ਹਨ, ਇਸ ਲਈ ਉਨ੍ਹਾਂ ਦੇ 84 ਜਨਮਾਂ ਦਾ ਸੰਖੇਪ ਵਰਣਨ ਕਰਨ ਨਾਲ ਦੂਜੀਆਂ ਮਨੁੱਖਾਤਮਾਵਾਂ ਦਾ ਵੀ ਵਰਣਨ ਉਨ੍ਹਾਂ ਦੇ ਵਿਚ ਆ ਜਾਵੇ ਗਾ। ਅਸੀਂ ਇਹ ਤਾਂ ਦੱਸ ਆਏ ਹਾਂ ਕਿ ਬ੍ਰਹਮਾ ਅਤੇ ਸਰਸਵਤੀ ਸੰਗਮਜੁਗ ਵਿਚ ਪਰਮਪਿਤਾ ਸ਼ਿਵ ਦੇ ਗਿਆਨ ਅਤੇ ਯੋਗ ਰਾਹੀਂ ਸਤਜੁਗ ਦੇ ਸ਼ੁਰੂ ਵਿਚ ਸ੍ਰੀ ਨਰਾਇਣ ਅਤੇ ਸ੍ਰੀ ਲਕਸ਼ਮੀ ਪਦ ਪ੍ਰਾਪਤ ਕਰਦੇ ਹਨ।

## ਸਤਜੁਗ ਅਤੇ ਤ੍ਰੇਤਾਜੁਗ ਵਿਚ 21 ਜਨਮ ਪੂਜ ਦੇਵ-ਪਦ

ਹੁਣ ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਸਤਜੁਗ ਦੇ 1250 ਸਾਲਾਂ ਵਿਚ ਸ੍ਰੀ ਲਕਸ਼ਮੀ-ਸ੍ਰੀ ਨਰਾਇਣ 100 ਫੀਸਦੀ ਸੁਖ-ਸ਼ਾਂਤੀ-ਸੰਪੰਨ 8 ਜਨਮ ਲੈਂਦੇ ਹਨ। ਇਸ ਲਈ ਭਾਰਤ ਵਿਚ ਅੱਠ ਦੀ ਗਿਣਤੀ ਸ਼ੁਭ ਮੰਨੀ ਗਈ ਹੈ ਅਤੇ ਕਈ ਲੋਕ ਸਿਰਫ਼ 8 ਮਣਕਿਆਂ ਦੀ ਮਾਲਾ ਸਿਮਰਦੇ ਹਨ ਅਤੇ ਅਸ਼ਟ ਦੇਵਤਿਆਂ ਦੀ ਵੀ ਪੂਜਾ ਕਰਦੇ ਹਨ। ਸ੍ਰੇਸ਼ਟ ਸਥਿਤੀ ਵਾਲੇ ਇਨ੍ਹਾਂ 8 ਨਰਾਇਣੀ ਜਨਮਾਂ ਨੂੰ ਇਥੇ 8 ਪੌੜੀਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ। ਫੇਰ ਤ੍ਰੇਤਾਜੁਗ ਦੇ 1250 ਸਾਲਾਂ ਵਿਚ ਉਹ 14 ਕਲਾਂ ਸੰਪੂਰਣ ਸ੍ਰੀ ਸੀਤਾ ਅਤੇ ਸ੍ਰੀ ਰਾਮ ਚੰਦਰ ਦੇ ਵੰਸ਼ ਵਿਚ ਪੂਜ ਰਾਜਾ ਰਾਣੀ ਜਾਂ ਸ੍ਰੇਸ਼ਟ ਪ੍ਰਜਾ ਦੇ ਰੂਪ ਵਿਚ ਕੁਲ 12 ਜਨਮ ਲੈਂਦੇ ਹਨ। ਇਸ ਪ੍ਰਕਾਰ ਸਤਜੁਗ ਅਤੇ ਤ੍ਰੇਤਾਜੁਗ ਦੇ ਕੁਲ 2500 ਸਾਲਾਂ ਵਿਚ ਉਹ ਸੰਪੂਰਣ ਪਵਿੱਤਰਤਾ, ਸੁਖ, ਸ਼ਾਂਤੀ ਅਤੇ ਸੁਆਸਥ ਸੰਪੰਨ 21 ਦੈਵੀ ਜਨਮ ਲੈਂਦੇ ਹਨ। ਇਸੇ ਲਈ ਹੀ ਪ੍ਰਸਿੱਧ ਹੈ ਕਿ 'ਗਿਆਨ ਰਾਹੀਂ ਮਨੁੱਖ ਦੇ 21 ਜਨਮ ਅਥਵਾ 21 ਪੀੜ੍ਹੀਆਂ ਸੁਧਰ ਜਾਂਦੀਆਂ ਹਨ ਜਾਂ ਮਨੁੱਖ 21 ਪੀੜ੍ਹੀਆਂ ਦੇ ਲਈ ਤਰ ਜਾਂਦਾ ਹੈ।

## ਦੁਆਪਰਜੁਗ ਅਤੇ ਕਲਿਜੁਗ ਵਿਚ ਕੁੱਲ 63 ਜਨਮ ਜੀਵਨ-ਬੰਧ

ਫੇਰ ਸੁਖ ਦੀ ਪ੍ਰਾਲਭਦ ਸਮਾਪਤ ਹੋਣ ਤੋਂ ਬਾਅਦ, ਉਹ ਦੁਆਪਰਜੁਗ ਦੇ ਸ਼ੁਰੂ ਵਿਚ ਪੁਜਾਰੀ ਸਥਿਤੀ ਨੂੰ ਪ੍ਰਾਪਤ ਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਉਹ ਨਿਰਾਕਾਰ ਪਰਮਪਿਤਾ ਪਰਮਾਤਮਾ ਸ਼ਿਵ ਦੀ ਹੀਰੇ ਦੀ ਮੂਰਤੀ ਬਣਾ ਕੇ ਸਮੁੱਚੀ ਭਾਵਨਾ ਨਾਲ ਉਸ ਦੀ ਪੂਜਾ ਕਰਦੇ ਹਨ। ਇਥੇ ਚਿੱਤਰ ਵਿਚ ਉਨ੍ਹਾਂ ਨੂੰ ਇਕ ਪੁਜਾਰੀ ਰਾਜਾ ਦੇ ਰੂਪ ਵਿਚ ਸ਼ਿਵ-ਪੂਜਾ ਕਰਦੇ ਹੋਏ ਦਿਖਾਇਆ ਗਿਆ ਹੈ। ਹੌਲੀ-ਹੌਲੀ ਉਹ ਸੂਖ਼ਮ ਦੇਵਤਿਆਂ ਅਰਥਾਤ ਵਿਸ਼ਨੂੰ ਅਤੇ ਸ਼ੰਕਰ ਦੀ ਵੀ ਪੂਜਾ ਸ਼ੁਰੂ ਕਰਦੇ ਹਨ ਅਤੇ ਬਾਅਦ ਵਿਚ ਅਗਿਆਨਤਾ ਅਤੇ ਆਤਮ-ਵਿਸਿਮਰਤੀ ਦੇ ਕਾਰਣ ਉਹ ਆਪਣੇ ਹੀ ਪਹਿਲਾਂ ਵਾਲੇ ਸ੍ਰੀ ਨਰਾਇਣ ਅਤੇ ਸ੍ਰੀ ਲਕਸ਼ਮੀ ਰੂਪ ਦੀ ਵੀ ਪੂਜਾ ਸ਼ੁਰੂ ਕਰ ਦੇਂਦੇ ਹਨ। ਇਸ ਲਈ, ਕਹਾਵਤ ਪ੍ਰਸਿੱਧ ਹੈ ਕਿ 'ਜੋ ਖ਼ੁਦ ਕਦੇ ਪੂਜ ਸਨ, ਬਾਅਦ ਵਿਚ ਉਹ ਆਪਣੇ-ਆਪ ਹੀ ਦੇ ਪੁਜਾਰੀ ਬਣ ਗਏ'। ਸ੍ਰੀ ਲਕਸ਼ਮੀ ਅਤੇ ਸ੍ਰੀ ਨਰਾਇਣ ਦੀਆਂ ਆਤਮਾਵਾਂ ਨੇ ਦੁਆਪਰਜੁਗ ਦੇ 1250 ਸਾਲਾਂ ਵਿਚ ਇਸ ਤਰ੍ਹਾਂ ਦੀ ਪੁਜਾਰੀ ਸਥਿਤੀ ਵਿਚ ਅੱਡ ਨਾਂ-ਰੂਪ ਨਾਲ, ਵੈਸ਼-ਵੰਸ਼ੀ ਭਗਤ-ਸ਼ਿਰੋਮਣੀ ਰਾਜਾ, ਰਾਣੀ ਅਥਵਾ ਸੁਖੀ ਪ੍ਰਜਾ ਦੇ ਰੂਪ ਵਿਚ ਕੁੱਲ 21 ਜਨਮ ਲਏ।

ਇਸ ਦੇ ਬਾਅਦ ਕਲਿਜੁਗ ਸ਼ੁਰੂ ਹੋਇਆ। ਹੁਣ ਤਾਂ ਸੂਖ਼ਮ ਲੋਕ ਅਤੇ ਸਾਕਾਰ ਲੋਕ ਦੇ ਦੇਵੀ-ਦੇਵਤਿਆਂ ਦੀ ਪੂਜਾ ਆਦਿ ਦੇ ਸਿਵਾਏ ਤੱਤ ਪੂਜਾ ਵੀ ਸ਼ੁਰੂ ਹੋ ਗਈ। ਇਸ ਪ੍ਰਕਾਰ, ਭਗਤੀ ਵੀ ਵਿਭਚਾਰੀ ਹੋ ਗਈ। ਇਹ ਅਵਸਥਾ ਸ੍ਰਿਸ਼ਟੀ ਦੀ ਤਮੋਪ੍ਰਧਾਨ ਅਥਵਾ ਸ਼ੂਦਰ ਅਵਸਥਾ ਸੀ। ਇਸ ਕਾਲ ਵਿਚ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਨਿਰਦਈ ਰੂਪ ਧਾਰਣ ਕਰਦੇ ਗਏ। ਕਲਿਜੁਗ ਦੇ ਅਖ਼ੀਰ ਵਿਚ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਵੰਸ਼ ਦੇ ਦੂਜੇ ਲੋਕਾਂ ਨੇ ਕੁਲ 42 ਜਨਮ ਲਏ।

ਉਪਰੋਕਤ ਤੋਂ ਸਪਸ਼ਟ ਹੈ ਕਿ ਕੁੱਲ 5000 ਸਾਲਾਂ ਵਿਚ ਉਨ੍ਹਾਂ ਦੀ ਆਤਮਾ ਪੂਜ ਅਤੇ ਪੁਜਾਰੀ ਅਵਸਥਾ ਵਿਚ ਕੁੱਲ 84 ਜਨਮ ਲੈਂਦੀ ਹੈ। ਹੁਣ ਉਹ ਪੁਰਾਣੀ, ਪਤਿਤ ਦੁਨੀਆਂ ਵਿਚ 63 ਜਨਮ ਲੈ ਚੁਕੀ ਹੈ। ਹੁਣ ਉਨ੍ਹਾਂ ਦੇ ਅਖ਼ੀਰਲੇ ਅਰਥਾਤ 84ਵੇਂ ਜਨਮ ਦੀ ਵਾਨਪ੍ਰਸਥ ਅਵਸਥਾ ਵਿਚ, ਪਰਮਪਿਤਾ ਪਰਮਾਤਮਾ ਸ਼ਿਵ ਨੇ ਉਨ੍ਹਾਂ ਦਾ ਨਾਂ "ਪ੍ਰਜਾਪਿਤਾ ਬ੍ਰਹਮਾ" ਅਤੇ ਉਨ੍ਹਾਂ ਦੀ ਮੁਖਵੰਸ਼ੀ ਕੰਨਿਆ ਦਾ ਨਾਂ "ਜਗਦੰਬਾ ਸਰਸਵਤੀ" ਰਖਿਆ ਹੈ। ਇਸ ਪ੍ਰਕਾਰ ਦੇਵਤਾ-ਵੰਸ਼ ਦੀਆਂ ਦੂਜੀਆਂ ਆਤਮਾਵਾਂ ਵੀ 5000 ਸਾਲਾਂ ਵਿਚ ਜ਼ਿਆਦਾ ਤੋਂ ਜ਼ਿਆਦਾ 84 ਜਨਮ ਲੈਂਦੀਆਂ ਹਨ। ਇਸ ਲਈ ਭਾਰਤ ਵਿਚ ਜਨਮ-ਮਰਣ ਦੇ ਚੱਕਰ ਨੂੰ "ਚੌਰਾਸੀ ਦਾ ਚੱਕਰ" ਵੀ ਕਹਿੰਦੇ ਹਨ ਅਤੇ ਕਈ ਦੇਵੀਆਂ ਦੇ ਮੰਦਰਾਂ ਵਿਚ 84 ਘੰਟੇ ਵੀ ਲੱਗੇ ਹੁੰਦੇ ਹਨ ਅਤੇ ਉਨ੍ਹਾਂ ਨੂੰ "84 ਘੰਟਿਆਂ ਵਾਲੀ ਦੇਵੀ" ਨਾਂ ਨਾਲ ਲੋਕ ਯਾਦ ਕਰਦੇ ਹਨ।

# ਖ਼ੁਦ ਹੀ ਪੂਜ ਖ਼ੁਦ ਹੀ ਪੁਜਾਰੀ



# ਸ੍ਰਿਸ਼ਟੀ–ਚੱਕਰ


सृष्टि - चक्र
WORLD-DRAMA WHEEL.
इस सृष्टि के पूर्व निश्चित इतिहास और भूगोल की हर कल्प (5000 वर्षों) के बाद हूबहू पुनरावृत्ति होती है।
(2000 वर्ष)
(2250 वर्ष)
(2500 वर्ष)
(5000 वर्ष)
संगमयुग
कलियुग 1250 वर्ष
सतयुग 1250 वर्ष
द्वापरयुग 1250 वर्ष
त्रेतायुग 1250 वर्ष

# ਮਨੁੱਖਾਤਮਾ 84 ਲੱਖ ਜੂਨੀਆਂ ਧਾਰਣ ਨਹੀਂ ਕਰਦੀ

ਪਰਮਪਿਆਰੇ ਪਰਮਪਿਤਾ ਪਰਮਾਤਮਾ ਸ਼ਿਵ ਨੇ ਵਰਤਮਾਨ ਸਮੇਂ ਜਿਵੇਂ ਸਾਨੂੰ ਈਸ਼ਵਰੀ ਗਿਆਨ ਦੇ ਦੂਜੇ ਕਈ ਅਲੌਕਿਕ ਭੇਦ ਸਮਝਾਏ ਹਨ, ਤਿਵੇਂ ਹੀ ਇਹ ਵੀ ਇਕ ਨਵੀਂ ਗੱਲ ਸਮਝਾਈ ਹੈ ਕਿ ਅਸਲ ਵਿਚ ਮਨੁੱਖਾਤਮਾ ਪਸ਼ੂ ਜੂਨੀ ਵਿਚ ਜਨਮ ਨਹੀਂ ਲੈਂਦੀ। ਇਹ ਸਾਡੇ ਲਈ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ। ਪਰੰਤੂ ਫੇਰ ਵੀ ਕਈ ਇਸ ਤਰ੍ਹਾਂ ਦੇ ਲੋਕ ਹਨ ਜਿਹੜੇ ਇਹ ਕਹਿੰਦੇ ਹਨ ਕਿ ਮਨੁੱਖਾਤਮਾਵਾਂ ਪਸ਼ੂ-ਪੰਛੀ ਆਦਿ 84 ਲੱਖ ਜੂਨੀਆਂ ਵਿਚ ਜਨਮ-ਪੁਨਰਜਨਮ ਲੈਂਦੀਆਂ ਹਨ।

ਉਹ ਕਹਿੰਦੇ ਹਨ ਕਿ "ਜਿਵੇਂ ਕਿਸੇ ਦੇਸ਼ ਦੀ ਸਰਕਾਰ ਅਪਰਾਧੀ ਨੂੰ ਸਜ਼ਾ ਦੇਣ ਦੇ ਲਈ ਉਸ ਦੀ ਆਜ਼ਾਦੀ ਨੂੰ ਖ਼ਤਮ ਕਰ ਦੇਂਦੀ ਹੈ ਅਤੇ ਉਸ ਨੂੰ ਇਕ ਕੋਠੜੀ ਵਿਚ ਬੰਦ ਕਰ ਦੇਂਦੀ ਹੈ ਅਤੇ ਉਸ ਨੂੰ ਸੁਖ ਦੇ ਸਾਧਨਾਂ ਤੋਂ ਥੋੜ੍ਹੇ ਸਮੇਂ ਦੇ ਲਈ ਅਲੱਗ ਕਰ ਦੇਂਦੀ ਹੈ, ਤਿਵੇਂ ਹੀ ਜੇਕਰ ਮਨੁੱਖ ਕੋਈ ਬੁਰੇ ਕਰਮ ਕਰਦਾ ਹੈ ਤਾਂ ਉਸ ਨੂੰ ਉਸ ਦੀ ਸਜ਼ਾ ਦੇ ਰੂਪ ਵਿਚ ਪਸ਼ੂ-ਪੰਛੀ ਆਦਿ ਭੋਗ-ਜੂਨੀਆਂ ਵਿਚ ਦੁਖ ਅਤੇ ਗੁਲਾਮੀ ਭੋਗਣੀ ਪੈਂਦੀ ਹੈ।"

ਪਰੰਤੂ ਹੁਣ ਪਰਮਪਿਆਰੇ ਪਰਮਪਿਤਾ ਪਰਮਾਤਮਾ ਸ਼ਿਵ ਨੇ ਸਮਝਾਇਆ ਹੈ ਕਿ ਮਨੁੱਖ ਆਤਮਾ ਆਪਣੇ ਬੁਰੇ ਕਰਮਾਂ ਦੀ ਸਜ਼ਾ ਮਨੁੱਖ ਜੂਨੀ ਵਿਚ ਹੀ ਭੋਗਦੀ ਹੈ। ਪਰਮਾਤਮਾ ਕਹਿੰਦੇ ਹਨ ਕਿ ਮਨੁੱਖ ਬੁਰੇ ਗੁਣ-ਕਰਮ-ਸੁਭਾਅ ਦੇ ਕਾਰਣ ਪਸ਼ੂ ਤੋਂ ਵੀ ਜ਼ਿਆਦਾ ਬੁਰਾ ਤਾਂ ਬਣ ਜਾਂਦਾ ਹੈ ਅਤੇ ਪਸ਼ੂ-ਪੰਛੀ ਤੋਂ ਵੀ ਜ਼ਿਆਦਾ ਦੁਖੀ ਹੁੰਦਾ ਹੈ, ਪਰੰਤੂ ਉਹ ਪਸ਼ੂ-ਪੰਛੀ ਆਦਿ ਜੂਨੀਆਂ ਵਿਚ ਜਨਮ ਨਹੀਂ ਲੈਂਦਾ। ਇਹ ਤਾਂ ਅਸੀਂ ਦੇਖਦੇ ਜਾਂ ਸੁਣਦੇ ਵੀ ਹਾਂ ਕਿ ਮਨੁੱਖ ਗੂੰਗੇ, ਅੰਨ੍ਹੇ, ਬੋਲੇ, ਲੰਗੜੇ, ਕੋੜ੍ਹੀ, ਰੋਗੀ ਅਤੇ ਕੰਗਾਲ ਹੁੰਦੇ ਹਨ। ਇਹ ਵੀ ਅਸੀਂ ਦੇਖਦੇ ਹਾਂ ਕਿ ਕਈ ਪਸ਼ੂ ਵੀ ਮਨੁੱਖਾਂ ਤੋਂ ਜ਼ਿਆਦਾ ਆਜ਼ਾਦ ਅਤੇ ਸੁਖੀ ਹੁੰਦੇ ਹਨ; ਉਨ੍ਹਾਂ ਨੂੰ ਡਬਲਰੋਟੀ ਅਤੇ ਮੱਖਣ ਖਿਲਾਇਆ ਜਾਂਦਾ ਹੈ, ਸੋਫੇ (Sofa) ਉੱਤੇ ਸੁਲਾਇਆ ਜਾਂਦਾ ਹੈ, ਮੋਟਰਕਾਰ ਵਿਚ ਯਾਤਰਾ ਕਰਾਈ ਜਾਂਦੀ ਹੈ ਅਤੇ ਬਹੁਤ ਹੀ ਪਿਆਰ ਅਤੇ ਸ਼ੌਕ ਨਾਲ ਪਾਲਿਆ ਜਾਂਦਾ ਹੈ। ਪਰੰਤੂ ਇਸ ਤਰ੍ਹਾਂ ਦੇ ਕਿੰਨੇ ਹੀ ਮਨੁੱਖ ਸੰਸਾਰ ਵਿਚ ਹਨ ਜਿਹੜੇ ਭੁੱਖੇ ਅਤੇ ਬਿਨਾਂ ਕਪੜਿਆਂ ਦੇ ਜੀਵਨ ਬਤੀਤ ਕਰਦੇ ਹਨ ਅਤੇ ਜਦੋਂ ਉਹ ਪੈਸਾ ਜਾਂ ਦੋ ਪੈਸੇ ਮੰਗਣ ਦੇ ਲਈ ਮਨੁੱਖਾਂ ਦੇ ਅੱਗੇ ਹੱਥ ਫੈਲਾਉਂਦੇ ਹਨ ਤਾਂ ਦੂਜੇ ਮਨੁੱਖ ਉਨ੍ਹਾਂ ਦੀ ਬੇਇਜ਼ਤੀ ਕਰਦੇ ਹਨ। ਕਿੰਨੇ ਹੀ ਮਨੁੱਖ ਹਨ ਜੋ ਸਰਦੀ ਵਿਚ ਆਕੜੇ ਹੋਏ ਜਾਂ ਬੀਮਾਰੀ ਦੀ ਹਾਲਤ ਵਿਚ ਸੜਕ ਦੀ ਪਟੜੀਆਂ ਉੱਤੇ ਕੁੱਤੇ ਨਾਲੋਂ ਵੀ ਬੁਰੀ ਮੌਤ ਮਰ ਜਾਂਦੇ ਹਨ ਅਤੇ ਕਿੰਨੇ ਹੀ ਮਨੁੱਖ ਤਾਂ ਅਤਿਅੰਤ ਦੁਖ ਦੇ ਕਾਰਣ ਹੀ ਆਪਣੇ ਹੱਥਾਂ ਦੇ ਨਾਲ ਆਪਣੇ ਆਪ ਨੂੰ ਖ਼ਤਮ ਕਰ ਦਿੰਦੇ ਹਨ! ਇਸ ਤਰ੍ਹਾਂ, ਜਦੋਂ ਅਸੀਂ ਸਪਸ਼ਟ ਦੇਖਦੇ ਹਾਂ ਕਿ ਮਨੁੱਖ-ਜੂਨੀ ਵੀ ਭੋਗ-ਜੂਨੀ ਹੈ ਅਤੇ ਮਨੁੱਖ-ਜੂਨੀ ਵਿਚ ਮਨੁੱਖ ਪਸ਼ੂਆਂ ਨਾਲੋਂ ਵੀ ਜ਼ਿਆਦਾ ਦੁਖੀ ਹੋ ਸਕਦਾ ਹੈ ਤਾਂ ਇਹ ਕਿਉਂ ਮੰਨਿਆ ਜਾਵੇ ਕਿ ਮਨੁੱਖ-ਆਤਮਾ ਨੂੰ ਪਸ਼ੂ-ਪੰਛੀ ਆਦਿ ਜੂਨੀਆਂ ਵਿਚ ਜਨਮ ਲੈਣਾ ਪੈਂਦਾ ਹੈ?

## ਜੈਸਾ ਬੀਜ, ਵੈਸਾ ਬ੍ਰਿਛ


ਇਸ ਤੋਂ ਇਲਾਵਾ, ਹਰਇਕ ਮਨੁੱਖਾਤਮਾਂ ਵਿਚ ਆਪਣੇ ਜਨਮ-ਜਨਮਾਂਤਰ ਦਾ ਪਾਰਟ ਅਨਾਦਿ ਕਾਲ ਤੋਂ ਅਵਿਅੱਕਤ (ਸੂਖ਼ਮ ਰੂਪ ਵਿਚ) ਰੂਪ ਵਿਚ ਭਰਿਆ ਹੋਇਆ ਹੈ ਅਤੇ, ਇਸ ਲਈ, ਮਨੁੱਖਾਤਮਾਵਾਂ ਅਨਾਦਿ ਕਾਲ ਤੋਂ ਹੀ ਆਪਸ ਵਿਚ ਅੱਡ ਅੱਡ ਗੁਣ-ਕਰਮ-ਸੁਭਾਅ-ਪ੍ਰਭਾਵ ਅਤੇ ਪ੍ਰਾਲਬਧ ਵਾਲੀਆਂ ਹਨ। ਮਨੁੱਖਾਤਮਾਵਾਂ ਦੇ ਗੁਣ-ਕਰਮ-ਸੁਭਾਅ ਜਾਂ ਪਾਰਟ (Part) ਦੂਜੀਆਂ ਜੂਨੀਆਂ ਦੀਆਂ ਆਤਮਾਵਾਂ ਦੇ ਗੁਣ-ਕਰਮ ਸੁਭਾਅ ਤੋਂ ਅਨਾਦਿ ਕਾਲ ਤੋਂ ਭਿੰਨ ਹਨ। ਇਸ ਵਾਸਤੇ ਜਿਵੇਂ ਅੰਬ ਦੀ ਗੁਠਲੀ ਨਾਲ ਮਿਰਚ ਪੈਦਾ ਨਹੀਂ ਹੋ ਸਕਦੀ ਸਗੋਂ "ਜੈਸਾ ਬੀਜ ਵੈਸਾ ਹੀ ਬ੍ਰਿਛ" ਹੁੰਦਾ ਹੈ, ਠੀਕ ਤਿਵੇਂ ਹੀ ਮਨੁੱਖਾਤਮਾਵਾਂ ਦੀ ਤਾਂ ਸ਼੍ਰੇਣੀ ਹੀ ਅਲੱਗ ਹੈ। ਮਨੁੱਖਾਤਮਾਵਾਂ ਪਸ਼ੂ-ਪੰਛੀ ਆਦਿ 84 ਲੱਖ ਜੂਨੀਆਂ ਵਿਚ ਜਨਮ ਨਹੀਂ ਲੈਂਦੀਆਂ। ਸਗੋਂ ਮਨੁੱਖਾਤਮਾਵਾਂ ਸਾਰੇ ਕਲਪ ਵਿਚ ਮਨੁੱਖ-ਜੂਨੀ ਵਿਚ ਹੀ ਜ਼ਿਆਦਾ ਤੋਂ ਜ਼ਿਆਦਾ 84 ਜਨਮ-ਪੁਨਰਜਨਮ ਲੈ ਕੇ ਆਪਣੇ ਆਪਣੇ ਕਰਮਾਂ ਦੇ ਅਨੁਸਾਰ ਸੁਖ-ਦੁਖ ਭੋਗਦੀਆਂ ਹਨ।

## ਜੇਕਰ ਮਨੁੱਖਾਤਮਾ ਪਸ਼ੂ-ਜੂਨੀ ਵਿਚ ਪੁਨਰਜਨਮ ਲੈਂਦੀ ਤਾਂ ਮਨੁੱਖਾਂ ਦੀ ਗਿਣਤੀ ਵਧਦੀ ਨਾ ਜਾਂਦੀ

ਤੁਸੀਂ ਖ਼ੁਦ ਹੀ ਸੋਚੋ ਕਿ ਜੇਕਰ ਬੁਰੇ ਕਰਮਾਂ ਦੇ ਕਾਰਣ ਮਨੁੱਖਾਤਮਾ ਦਾ ਪੁਨਰਜਨਮ ਪਸ਼ੂ-ਜੂਨੀ ਵਿਚ ਹੁੰਦਾ, ਤਦ ਤਾਂ ਹਰ ਸਾਲ ਮਨੁੱਖਾਂ ਦੀ ਆਬਾਦੀ ਵਧਦੀ ਨਾ ਜਾਂਦੀ, ਸਗੋਂ ਘਟਦੀ ਜਾਂਦੀ ਕਿਉਂਕਿ ਅੱਜ ਸਾਰਿਆਂ ਦੇ ਕਰਮ ਵਿਕਾਰਾਂ ਦੇ ਕਾਰਣ ਵਿਕਰਮ ਬਣ ਰਹੇ ਹਨ। ਪਰੰਤੂ ਤੁਸੀਂ ਦੇਖਦੇ ਹੋ ਕਿ ਫੇਰ ਵੀ ਆਬਾਦੀ ਵਧਦੀ ਹੀ ਜਾਂਦੀ ਹੈ ਕਿਉਂਕਿ ਮਨੁੱਖ ਪਸ਼ੂ-ਪੰਛੀ ਜਾਂ ਕੀੜੇ ਆਦਿ ਜੂਨੀਆਂ ਵਿਚ ਪੁਨਰਜਨਮ ਨਹੀਂ ਲੈ ਰਹੇ ਹਨ।

# ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ-ਵਿਦਿਆਲਾ

(ਇਥੇ ਗਿਆਨਸਾਗਰ ਪਰਮਪਿਤਾ ਪਰਮਾਤਮਾ ਸ਼ਿਵ ਪ੍ਰਜਾਪਿਤਾ ਬ੍ਰਹਮਾ ਦੁਆਰਾ ਗੀਤਾ ਗਿਆਨ ਦੇਂਦੇ ਹਨ।)




(ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ-ਵਿਦਿਆਲਾ ਦਾ ਮੁੱਖ ਸਥਾਨ ਆਬੂ ਪਰਬਤ। ਵਰਤਮਾਨ ਸਮੇਂ ਇਸ ਦੇ ਲਗਭਗ 5000 ਗਿਆਨ ਅਤੇ ਯੋਗ-ਕੇਂਦਰ ਹਨ)

ਇਸ ਪਥ-ਪ੍ਰਦਰਸ਼ਨੀ ਵਿਚ ਜਿਹੜਾ ਈਸ਼ਵਰੀ ਗਿਆਨ ਅਤੇ ਸਹਿਜ ਰਾਜਯੋਗ ਦਾ ਵਰਣਨ ਕੀਤਾ ਗਿਆ ਹੈ ਉਸ ਦੀ ਵਿਸਤਾਰਪੂਰਬਕ ਸਿੱਖਿਆ ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ- ਵਿਦਿਆਲਾ ਵਿਚ ਦਿੱਤੀ ਜਾਂਦੀ ਹੈ। ਉਪਰ ਜਿਹੜਾ ਚਿੱਤਰ ਛਾਪਿਆ ਗਿਆ ਹੈ, ਉਹ ਉਸੇ ਦੇ ਮੁੱਖ ਸਿੱਖਿਆ-ਸਥਾਨ ਅਤੇ ਮੁੱਖ- ਆਫ਼ਿਸ ਦਾ ਹੈ। ਇਸ ਈਸ਼ਵਰੀ ਵਿਸ਼ਵ- ਵਿਦਿਆਲਾ ਦੀ ਸਥਾਪਨਾ ਪਰਮਪਿਆਰੇ ਪਰਮਪਿਤਾ ਪਰਮਾਤਮਾ ਜੋਤੀ-ਬਿੰਦੂ ਸ਼ਿਵ ਨੇ ਸੰਨ 1937 ਵਿਚ ਸਿੰਧ ਵਿਚ ਕੀਤੀ ਸੀ। ਪਰਮਪਿਤਾ ਸ਼ਿਵ ਪਰਮਧਾਮ ਅਰਥਾਤ ਬ੍ਰਹਮਲੋਕ ਤੋਂ ਅਵਤਰਿਤ ਹੋ ਕੇ ਇਕ ਸਧਾਰਣ ਅਤੇ ਬੁੱਢੇ ਮਨੁੱਖ ਦੇ ਤਨ ਵਿਚ ਪ੍ਰਵੇਸ਼ ਹੋਏ ਸਨ ਕਿਉਂਕਿ ਕਿਸੇ ਮਨੁੱਖੀ ਮੁਖ ਦਾ ਪ੍ਰਯੋਗ ਕੀਤੇ ਬਿਨਾਂ ਨਿਰਾਕਾਰ ਪਰਮਾਤਮਾ ਦੂਜੇ ਕਿਸੇ ਤਰੀਕੇ ਨਾਲ ਕਿਵੇਂ ਗਿਆਨ ਦਿੰਦੇ?

ਗਿਆਨ ਅਤੇ ਸਹਿਜ ਰਾਜਯੋਗ ਦੇ ਦੁਆਰਾ ਸਤਜੁਗ ਦੀ ਸਥਾਪਨਾ ਲਈ ਜੋਤੀ-ਬਿੰਦੂ ਸ਼ਿਵ ਦਾ ਜਿਸ ਮਨੁੱਖ ਤਨ ਵਿਚ 'ਦਿਵਯ-ਪ੍ਰਵੇਸ਼' 'ਪਰਕਾਇਆ ਪ੍ਰਵੇਸ਼', 'ਅਵਤਰਣ' ਅਥਵਾ 'ਦਿਵਯ ਜਨਮ' ਹੋਇਆ, ਉਸ ਮਨੁੱਖ ਨੂੰ ਉਨ੍ਹਾਂ ਨੇ 'ਪ੍ਰਜਾਪਿਤਾ ਬ੍ਰਹਮਾ...ਇਹ ਅਲੌਕਿਕ ਨਾਂ ਦਿੱਤਾ। ਉਨ੍ਹਾਂ ਦੇ ਮੂੰਹ ਰਾਹੀਂ ਗਿਆਨ ਅਤੇ ਯੋਗ ਦੀ ਸਿੱਖਿਆ ਲੈ ਕੇ ਬ੍ਰਹਮਚਰਿਆ-ਵਰਤ ਧਾਰਣ ਕਰਨ ਵਾਲੇ ਅਤੇ ਪੂਰਣ ਪਵਿੱਤਰਤਾ ਦਾ ਵਰਤ ਲੈਣ ਵਾਲੇ ਨਰ ਅਤੇ ਨਾਰੀਆਂ ਨੂੰ ਮੁਖ-ਵੰਸ਼ੀ-'ਬ੍ਰਾਹਮਣ' ਅਤੇ 'ਬ੍ਰਾਹਮਣੀਆਂ' ਅਥਵਾ 'ਬ੍ਰਹਮਾਕੁਮਾਰ' ਅਤੇ 'ਬ੍ਰਹਮਾਕੁਮਾਰੀਆਂ' ਕਿਹਾ ਜਾਦਾ ਹੈ ਕਿਉਂਕਿ ਉਨ੍ਹਾਂ ਦਾ ਨਵਾਂ ਅਧਿਆਤਮਕ ਜਨਮ ਬ੍ਰਹਮਾ ਦੇ ਕਮਲ-ਮੁਖ ਦੁਆਰਾ ਉਚਾਰੇ ਹੋਏ ਗਿਆਨ ਨਾਲ ਹੁੰਦਾ ਹੈ।

ਪਰਮਪਿਤਾ ਸ਼ਿਵ ਤਾਂ ਤ੍ਰਿਕਾਲਦਰਸ਼ੀ ਹਨ; ਉਹ ਤਾਂ ਉਨ੍ਹਾਂ ਦੇ ਜਨਮ-ਜਨਮਾਂਤਰ ਦੀ ਜੀਵਨ-ਕਹਾਣੀ ਨੂੰ ਜਾਣਦੇ ਸਨ ਕਿ ਇਹ ਹੀ ਸਤਜੁਗ ਦੇ ਸ਼ੁਰੂ ਵਿਚ ਪੂਜ ਸ੍ਰੀ ਨਰਾਇਣ ਸਨ ਅਤੇ ਬਾਅਦ ਵਿਚ, ਕਲਾਵਾਂ ਘੱਟ ਹੁੰਦੇ-ਹੁੰਦੇ ਹੁਣ ਇਸ ਅਵਸਥਾ ਨੂੰ ਪ੍ਰਾਪਤ ਹੋਏ ਸਨ। ਇਸ ਤਰ੍ਹਾਂ ਇਨ੍ਹਾਂ ਦੇ ਤਨ ਵਿਚ ਪ੍ਰਵੇਸ਼ ਹੋ ਕੇ ਉਨ੍ਹਾਂ ਨੇ ਸੰਨ 1937 ਵਿਚ ਇਸ ਅਵਿਨਾਸ਼ੀ ਗਿਆਨ-ਯੱਗ ਦੀ ਅਥਵਾ ਈਸ਼ਵਰੀ ਵਿਸ਼ਵ-ਵਿਦਿਆਲਾ ਦੀ, 5000 ਸਾਲ ਪਹਿਲਾਂ ਦੀ ਤਰ੍ਹਾਂ ਪੁਨਰ ਸਥਾਪਨਾ ਕੀਤੀ। ਇਸੇ ਪ੍ਰਜਾਪਿਤਾ ਬ੍ਰਹਮਾ ਨੂੰ ਹੀ ਮਹਾਭਾਰਤ ਦੀ ਭਾਸ਼ਾ ਵਿਚ 'ਭਗਵਾਨ ਦਾ ਰਥ' ਵੀ ਕਿਹਾ ਜਾ ਸਕਦਾ ਹੈ, ਗਿਆਨ ਗੰਗਾ ਲਿਆਉਣ ਦੇ ਨਿਮਿਤ ਬਣਨ ਵਾਲੇ 'ਭਾਗੀਰਥ' ਅਤੇ ਸ਼ਿਵ ਦੀ ਸਵਾਰੀ 'ਨੰਦੀਗਣ' ਵੀ।

## ਪ੍ਰਜਾਪਿਤਾ-ਸ੍ਰੀ ਬ੍ਰਹਮਾ



(ਜਿਨ੍ਹਾਂ ਦੇ ਮਾਧਿਅਮ ਦੁਆਰਾ ਪਰਮਪਿਤਾ ਸ਼ਿਵ ਨੇ ਗਿਆਨ ਦਿੱਤਾ)

ਜਿਹੜੇ ਮਨੁੱਖ ਦੇ ਤਨ ਵਿਚ ਪਰਮਪਿਤਾ ਪਰਮਾਤਮਾ ਸ਼ਿਵ ਨੇ ਪ੍ਰਵੇਸ਼ ਕੀਤਾ, ਉਹ ਉਸ ਵੇਲੇ ਕਲਕੱਤਾ ਦੇ ਇਕ ਮਸ਼ਹੂਰ ਜੌਹਰੀ ਸਨ ਅਤੇ ਸ੍ਰੀ ਨਰਾਇਣ ਦੇ ਵੱਡੇ ਭਗਤ ਸਨ। ਉਨ੍ਹਾਂ ਵਿਚ ਉਦਾਰਤਾ, ਸਰਬਤ ਦੇ ਕਲਿਆਣ ਦੀ ਭਾਵਨਾ, ਵਿਵਹਾਰ ਕੁਸ਼ਲਤਾ, ਰਾਜਾਈ ਠਾਠ ਅਤੇ ਪ੍ਰਭੂ-ਮਿਲਨ ਦੀ ਬਹੁਤ ਇੱਛਾ ਸੀ। ਉਨ੍ਹਾਂ ਦੇ ਸਬੰਧ ਰਾਜਾ-ਮਹਾਰਾਜਾ ਨਾਲ ਵੀ ਸਨ, ਸਮਾਜ ਦੇ ਮੁੱਖੀਆਂ ਨਾਲ ਵੀ ਅਤੇ ਸਧਾਰਣ ਤੇ ਹੇਠਲੇ ਵਰਗ ਨਾਲ ਵੀ ਉਹ ਬਹੁਤ ਵਾਕਫ਼ ਸਨ। ਉਹ ਅਨੁਭਵੀ ਵੀ ਸਨ ਅਤੇ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਵਿਚ ਭਗਤੀ-ਭਾਵ ਅਤੇ ਵੈਰਾਗ ਦੇ ਅਨੁਕੂਲ ਭੂਮਿਕਾ ਵੀ ਸੀ।

ਪ੍ਰਵਿਰਤੀ ਨੂੰ ਦਿਵਯ ਬਣਾਉਣ ਦੇ ਲਈ ਮਾਧਿਅਮ ਵੀ ਪ੍ਰਵਿਰਤੀ ਮਾਰਗ ਵਾਲੇ ਵਿਅਕਤੀ ਦਾ ਹੀ ਹੋਣਾ ਠੀਕ ਸੀ।

## ਜਗਦੰਬਾ ਸਰਸਵਤੀ



(ਜਿਨ੍ਹਾਂ ਨੇ ਗਿਆਨ-ਵੀਣਾ ਦੁਆਰਾ ਅਧਿਆਤਮਕ ਜਾਗਰਤੀ ਲਿਆਂਦੀ)

ਇਸ ਅਤੇ ਹੋਰ ਅਨੇਕਾਨੇਕ ਕਾਰਣਾਂ ਕਰਕੇ ਤ੍ਰਿਕਾਲਦਰਸ਼ੀ ਪਰਮਪਿਤਾ ਸ਼ਿਵ ਨੇ ਉਨ੍ਹਾਂ ਦੇ ਸ਼ਰੀਰ ਵਿਚ ਪ੍ਰਵੇਸ਼ ਕੀਤਾ।

ਉਨ੍ਹਾਂ ਦੇ ਮੂੰਹ ਰਾਹੀਂ ਗਿਆਨ ਅਤੇ ਯੋਗ ਦੀ ਸਿਖਿਆ ਲੈਣ ਵਾਲੇ ਸਾਰੇ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਵਿਚੋਂ ਜੋ ਸ੍ਰੇਸ਼ਟ ਸਨ, ਉਨ੍ਹਾਂ ਦਾ ਇਸ ਅਲੌਕਿਕ ਜੀਵਨ ਦਾ ਨਾਂ ਹੋਇਆ-ਜਗਦੰਬਾ ਸਰਸਵਤੀ। ਉਹ 'ਯੱਗ-ਮਾਤਾ' ਕਹਿਲਾਈ। ਉਨ੍ਹਾਂ ਨੇ ਗਿਆਨ-ਵੀਣਾ ਦੁਆਰਾ ਜਨ-ਜਨ ਨੂੰ ਪ੍ਰਭੂ-ਪਰਿਚਯ ਦੇ ਕੇ ਉਨ੍ਹਾਂ ਵਿਚ ਅਧਿਆਤਮਕ ਜਾਗਰਤੀ ਲਿਆਂਦੀ। ਉਨ੍ਹਾਂ ਨੇ ਜੀਵਨ ਭਰ ਬ੍ਰਹਮਚਰਿਆ ਵਰਤ ਦਾ ਪਾਲਨ ਕੀਤਾ ਅਤੇ ਸਹਿਜ ਰਾਜਯੋਗ ਦੁਆਰਾ ਅਨੇਕ ਮਨੁੱਖਾਤਮਾਵਾਂ ਦੀ ਜੋਤੀ ਜਗਾਈ। ਪ੍ਰਜਾਪਿਤਾ ਬ੍ਰਹਮਾ ਅਤੇ ਜਗਦੰਬਾ ਸਰਸਵਤੀ ਨੇ ਪਵਿੱਤਰ ਅਤੇ ਦੈਵੀ ਜੀਵਨ ਦਾ ਆਦਰਸ਼ ਪੇਸ਼ ਕੀਤਾ।

# ਸ੍ਰਿਸ਼ਟੀ-ਨਾਟਕ ਦਾ ਰਚਤਾ ਅਤੇ ਨਿਰਦੇਸ਼ਕ ਕੌਣ ਹੈ?

ਇਹ ਮਨੁੱਖ-ਸ੍ਰਿਸ਼ਟੀ ਪ੍ਰਕ੍ਰਿਤਿ-ਪੁਰਖ ਦਾ ਇਕ ਅਨਾਦਿ ਖੇਲ੍ਹ ਹੈ। ਇਸ ਦੀ ਕਹਾਣੀ ਨੂੰ ਜਾਣ ਕੇ ਮਨੁੱਖਾਤਮਾਂ ਬਹੁਤ ਹੀ ਆਨੰਦ ਪ੍ਰਾਪਤ ਕਰ ਸਕਦੀ ਹੈ।

ਸਾਹਮਣੇ ਛਾਪੇ ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਸਾਰੇ ਸ੍ਰਿਸ਼ਟੀ-ਚੱਕਰ ਨੂੰ ਚਾਰ ਬਰਾਬਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ- ਸਤਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ।

ਸ੍ਰਿਸ਼ਟੀ-ਨਾਟਕ ਵਿਚ ਹਰੇਕ ਆਤਮਾ ਇਕ ਮਿਥੇ ਹੋਏ ਸਮੇਂ ਤੇ ਪਰਮਧਾਮ ਤੋਂ ਇਸ ਸ੍ਰਿਸ਼ਟੀ ਰੂਪੀ ਨਾਟਕ ਦੇ ਮੰਚ ਤੇ ਆਉਂਦੀ ਹੈ। ਸਭ ਤੋਂ ਪਹਿਲਾਂ ਸਤਜੁਗ ਅਤੇ ਤ੍ਰੇਤਾ-ਜੁਗ ਦੇ ਸੁੰਦਰ ਮਨੋਹਰ ਨਜ਼ਾਰੇ ਸਾਹਮਣੇ ਆਉਂਦੇ ਹਨ ਅਤੇ ਇਨ੍ਹਾਂ ਦੋ ਜੁਗਾਂ ਦੀ ਸੁਖ-ਭਰਪੂਰ ਸ੍ਰਿਸ਼ਟੀ ਵਿਚ ਪ੍ਰਥਵੀ-ਮੰਚ ਤੇ ਇਕ ਆਦਿ ਸਨਾਤਨ ਦੇਵੀ-ਦੇਵਤਾ ਧਰਮ-ਵੰਸ਼, ਦੀ ਹੀ ਮਨੁੱਖਾਤਮਾਵਾਂ ਦਾ ਪਾਰਟ ਹੁੰਦਾ ਹੈ ਅਤੇ ਦੂਜੇ ਸਾਰੇ ਧਰਮਾਂ ਦੀਆਂ ਆਤਮਾਵਾਂ ਪਰਮਧਾਮ ਵਿਚ ਹੁੰਦੀਆਂ ਹਨ; ਇਸ ਤਰ੍ਹਾਂ ਇਨ੍ਹਾਂ ਦੋ ਜੁਗਾਂ ਵਿਚ ਸਿਰਫ਼ ਦੇਵਤਾ ਵੰਸ਼ਾਂ ਦੀਆਂ ਆਤਮਾਵਾਂ ਹੀ ਆਪਣੀ ਆਪਣੀ ਪਵਿੱਤਰਤਾ ਦੀ ਅਵਸਥਾ ਦੇ ਅਨੁਸਾਰ, ਨੰਬਰ-ਵਾਰ ਆਉਂਦੀਆਂ ਹਨ। ਇਸਲਈ, ਇਨ੍ਹਾਂ ਦੋ ਜੁਗਾਂ ਵਿਚ ਸਰੇ ਭੇਦ-ਰਹਿਤ ਅਤੇ ਨਿਰਵੈਰ ਸੁਭਾਅ ਵਾਲੇ ਹੁੰਦੇ ਹਨ।

ਦੁਆਪਰ ਜੁਗ ਵਿਚ ਇਸ ਧਰਮ ਦੀ ਰਜੋਗੁਣੀ ਅਵਸਥਾ ਹੋ ਜਾਣ ਨਾਲ ਇਬਰਾਹਿਮ ਦੁਆਰਾ ਇਸਲਾਮ ਧਰਮ ਦੀ, ਬੁੱਧ ਦੁਆਰਾ ਬੋਧ ਧਰਮ-ਵੰਸ਼ ਦੀ ਅਤੇ ਈਸਾ ਦੁਆਰਾ ਈਸਾਈ ਧਰਮ ਦੀ ਸਥਾਪਨਾ ਹੁੰਦੀ ਹੈ। ਇਸ ਤਰ੍ਹਾਂ, ਇਨ੍ਹਾਂ ਚਾਰ ਮੁੱਖ ਧਰਮਾਂ ਦੇ ਪਿਤਾ ਹੀ ਸੰਸਾਰ ਦੇ ਮੁੱਖ-ਐਕਟਰਜ਼ (Principal Actors) ਹਨ ਅਤੇ ਇਨ੍ਹਾਂ ਚਾਰ ਧਰਮਾਂ ਦੇ ਸ਼ਾਸਤਰ ਹੀ ਮੁੱਖ ਸ਼ਾਸਤਰ ਹਨ। ਇਸ ਤੋਂ ਇਲਾਵਾ, ਸੰਨਿਆਸ ਧਰਮ ਦੇ ਸਥਾਪਕ ਸ਼ੰਕਰਾਚਾਰਿਆ, ਮੁਸਲਮਾਨ (ਮੁਹੰਮਦੀ) ਧਰਮ-ਵੰਸ਼ ਦੇ ਸਥਾਪਕ ਮੁਹੰਮਦ ਅਤੇ ਸਿੱਖ ਧਰਮ ਦੇ ਸੰਸਥਾਪਕ ਨਾਨਕ ਵੀ ਇਸ ਵਿਸ਼ਵ-ਨਾਟਕ ਦੇ ਮੁੱਖ ਐਕਟਰਾਂ ਵਿਚੋਂ ਹਨ; ਪਰੰਤੂ ਫੇਰ ਵੀ ਮੁੱਖ ਰੂਪ ਵਿਚ ਪਹਿਲਾਂ ਦੱਸੇ ਗਏ ਚਾਰ ਧਰਮਾਂ ਤੇ ਹੀ ਇਹ ਸਾਰਾ ਵਿਸ਼ਵ-ਨਾਟਕ ਆਧਾਰਿਤ ਹੈ। ਇਨ੍ਹਾਂ ਅਨੇਕ ਮਤ-ਮਤਾਂਤਰਾਂ ਦੇ ਕਾਰਣ ਦੁਆਪਰਜੁਗ ਅਤੇ ਕਲਿਜੁਗ ਦੀ ਸ੍ਰਿਸ਼ਟੀ ਵਿਚ ਵੈਰ-ਵਿਰੋਧ, ਲੜਾਈ-ਝਗੜਾ ਅਤੇ ਦੁਖ ਸ਼ੁਰੂ ਹੁੰਦਾ ਹੈ।

ਕਲਿਜੁਗ ਦੇ ਅਖ਼ੀਰ ਵਿਚ, ਜਦੋਂ ਧਰਮ ਦੀ ਅਤੀ ਗਲਾਨੀ ਹੋ ਜਾਂਦੀ ਹੈ, ਅਰਥਾਤ ਵਿਸ਼ਵ ਦਾ ਸਭ ਤੋਂ ਪਹਿਲਾ 'ਆਦਿ ਸਨਾਤਨ ਦੇਵੀ-ਦੇਵਤਾ ਧਰਮ' ਬਹੁਤ ਕਮਜ਼ੋਰ ਹੋ ਜਾਂਦਾ ਹੈ ਅਤੇ ਮਨੁੱਖ ਅਤਿਅੰਤ ਪਤਿਤ ਹੋ ਜਾਂਦੇ ਹਨ, ਤਦ ਇਸ ਸ੍ਰਿਸ਼ਟੀ ਨਾਟਕ ਦੇ ਰਚਤਾ ਅਤੇ ਨਿਰਦੇਸ਼ਕ (Creator-Director) ਪਰਮਪਿਤਾ ਪਰਮਾਤਮਾ ਸ਼ਿਵ ਪ੍ਰਜਾਪਿਤਾ ਬ੍ਰਹਮਾ ਦੇ ਤਨ ਵਿਚ ਖ਼ੁਦ ਅਵਤਰਿਤ ਹੁੰਦੇ ਹਨ। ਉਹ ਪ੍ਰਜਾਪਿਤਾ ਬ੍ਰਹਮਾ ਦੁਆਰਾ ਮੁਖ-ਵੰਸ਼ੀ 'ਬ੍ਰਹਮਾਕੁਮਾਰੀ ਸਰਸਵਤੀ' ਅਤੇ ਦੂਜੇ ਬ੍ਰਾਹਮਣ ਅਤੇ ਬ੍ਰਾਹਮਣੀਆਂ ਨੂੰ ਰਚਦੇ ਹਨ ਅਤੇ ਉਨ੍ਹਾਂ ਦੁਆਰਾ ਫੇਰ ਸਾਰਿਆਂ ਨੂੰ ਅਲੌਕਿਕ ਮਾਤਾ-ਪਿਤਾ ਦੇ ਰੂਪ ਵਿਚ ਮਿਲਦੇ ਹਨ ਅਤੇ ਗਿਆਨ ਦੁਆਰਾ ਉਨ੍ਹਾਂ ਦੀ ਮਾਰਗ-ਪਰਦਰਸ਼ਨਾ ਕਰਦੇ ਹਨ ਅਤੇ ਉਨ੍ਹਾਂ ਨੂੰ ਮੁਕਤੀ ਅਤੇ ਜੀਵਨ ਮੁਕਤੀ ਦਾ ਈਸ਼ਵਰੀ ਜਨਮ-ਸਿੱਧ ਅਧਿਕਾਰ ਦੇਂਦੇ ਹਨ। ਇਸ ਤਰ੍ਹਾਂ, ਪ੍ਰਜਾਪਿਤਾ ਬ੍ਰਹਮਾ ਅਤੇ ਜਗਦੰਬਾ ਸਰਸਵਤੀ, ਜਿਨ੍ਹਾਂ ਨੂੰ ਹੀ 'ਐਡਮ' ਅਤੇ 'ਈਵ' ਅਥਵਾ 'ਆਦਮ' ਅਤੇ 'ਹੱਵਾ' ਵੀ ਕਿਹਾ ਜਾਂਦਾ ਹੈ, ਇਸ ਸ੍ਰਿਸ਼ਟੀ-ਨਾਟਕ ਦੇ ਨਾਇਕ ਅਤੇ ਨਾਇਕਾ ਹਨ ਕਿਉਂਕਿ ਇਨ੍ਹਾਂ ਦੁਆਰਾ ਖ਼ੁਦ ਪਰਮਪਿਤਾ ਪਰਮਾਤਮਾ ਸ਼ਿਵ ਪ੍ਰਿਥਵੀ ਤੇ ਸਵਰਗ ਸਥਾਪਨ ਕਰਦੇ ਹਨ। ਕਲਿਜੁਗ ਦੇ ਅਖ਼ੀਰ ਅਤੇ ਸਤਜੁਗ ਦੇ ਸ਼ੁਰੂ ਦਾ ਇਹ ਛੋਟਾ-ਜਿਹਾ ਸੰਗਮ, ਅਰਥਾਤ ਸੰਗਮਜੁਗ, ਜਦੋਂ ਪਰਮਾਤਮਾ ਅਵਤਰਿਤ ਹੁੰਦੇ ਹਨ, ਬਹੁਤ ਹੀ ਮਹੱਤਵਪੂਰਣ ਹੈ।

### ਵਿਸ਼ਵ ਦੇ ਇਤਿਹਾਸ ਅਤੇ ਭੂਗੋਲ ਦੀ ਦੁਹਰਾਈ

ਚਿੱਤਰ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਕਲਿਜੁਗ ਦੇ ਅਖ਼ੀਰ ਵਿਚ ਪਰਮਪਿਤਾ ਪਰਮਾਤਮਾ ਸ਼ਿਵ ਜਦੋਂ ਮਹਾਦੇਵ ਸ਼ੰਕਰ ਦੇ ਦੁਆਰਾ ਸ੍ਰਿਸ਼ਟੀ ਦਾ ਮਹਾਵਿਨਾਸ਼ ਕਰਾਉਂਦੇ ਹਨ ਤਦ ਲਗਭਗ ਸਾਰੇ ਆਤਮਾ ਰੂਪੀ ਐਕਟਰ ਆਪਣੇ ਪਿਆਰੇ ਦੇਸ਼, ਅਰਥਾਤ ਮੁਕਤੀਧਾਮ ਨੂੰ ਵਾਪਸ ਚਲੇ ਜਾਂਦੇ ਹਨ ਅਤੇ ਫੇਰ ਸਤਜੁਗ ਦੇ ਸ਼ੁਰੂ ਤੋਂ 'ਆਦਿ ਸਨਾਤਨ ਦੇਵੀ-ਦੇਵਤਾ ਧਰਮ' ਦੀਆਂ ਮੁੱਖ ਆਤਮਾਵਾਂ ਇਸ ਸ੍ਰਿਸ਼ਟੀ ਰੂਪੀ ਮੰਚ ਤੇ ਆਉਂਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫੇਰ 2500 ਸਾਲਾਂ ਦੇ ਬਾਅਦ, ਦੁਆਪਰ ਜੁਗ ਦੇ ਸ਼ੁਰੂ ਤੋਂ ਇਬਰਾਹਿਮ ਦੇ ਇਸਲਾਮ ਘਰਾਣੇ ਦੀਆਂ ਆਤਮਾਵਾਂ, ਫੇਰ ਬੋਧ ਧਰਮ-ਵੰਸ਼ ਦੀਆਂ ਆਤਮਾਵਾਂ, ਫੇਰ ਈਸਾਈ ਧਰਮ-ਵੰਸ਼ ਦੀ ਆਤਮਾਵਾਂ ਆਪਣੇ ਆਪਣੇ ਸਮੇਂ ਤੇ ਸ੍ਰਿਸ਼ਟੀ ਮੰਚ ਤੇ ਆ ਕੇ ਆਪਣਾ ਆਪਣਾ ਅਨਾਦਿ ਨਿਸ਼ਚਿਤ ਪਾਰਟ ਨਿਭਾਉਂਦੀਆਂ ਹਨ ਅਤੇ ਆਪਣੀ ਸਵਰਣਿਮ, ਰਜਤ, ਤਾਮਰ ਅਤੇ ਲੋਹ, ਚਾਰ ਅਵਸਥਾਵਾਂ ਨੂੰ ਪਾਰ ਕਰਦੀਆਂ ਹਨ। ਇਸ ਪ੍ਰਕਾਰ, ਇਹ ਅਨਾਦਿ-ਨਿਸ਼ਚਿਤ ਸ੍ਰਿਸ਼ਟੀ-ਨਾਟਕ ਅਨਾਦਿ ਕਾਲ ਤੋਂ, ਹਰ 5000 ਸਾਲਾਂ ਦੇ ਬਾਅਦ ਪੂਰਾ-ਪੂਰਾ ਦੁਹਰਾਇਆ ਜਾਂਦਾ ਹੈ।

# ਸ੍ਰਿਸ਼ਟੀ-ਚੱਕਰ


सृष्टि - चक्र
WORLD-DRAMA WHEEL.
इस सृष्टि के पूर्व निश्चित इतिहास और भूगोल की हर कल्प (5000 वर्षों) के बाद हूबहू पुनरावृत्ति होती है।
(2000 वर्ष)
(2250 वर्ष)
(2500 वर्ष)
(500 वर्ष)
संगमयुग
कलियुग
1250 वर्ष
सतयुग
1250 वर्ष
द्वापरयुग
1250 वर्ष
त्रेतायुग
1250 वर्ष

# ਕਲਿਜੁਗ ਵਿਨਾਸ਼



कलियुग विनाश
Distruction of Kaliyuga
परन्तु शास्त्रों के अनुसार तो कलियुग समाप्ति में अभी लाखों वर्ष पड़े हैं
अधर्म
तमोप्रधान दुनिया
काम
क्रोध
लोभ
मोह
अहंकार
सावधान!
महाविनाश सामने खड़ा है अज्ञान रूपी निद्रा से जागो!
मिसाईल
कुम्भकरण
सृष्टि अन्तिम श्वासों पर

# ਕਲਿਜੁਗ ਅਜੇ ਬੱਚਾ ਨਹੀਂ ਹੈ, ਸਗੋਂ ਬੁੱਢਾ ਹੋ ਗਿਆ ਹੈ

## ਇਸ ਦਾ ਵਿਨਾਸ਼ ਨਜ਼ਦੀਕ ਹੈ ਅਤੇ ਜਲਦੀ ਹੀ ਸਤਜੁਗ ਆਉਣ ਵਾਲਾ ਹੈ।

ਅੱਜ ਬਹੁਤ ਸਾਰੇ ਲੋਕ ਕਹਿੰਦੇ ਹਨ, "ਕਲਿਜੁਗ ਅਜੇ ਬੱਚਾ ਹੈ। ਅਜੇ ਤਾਂ ਇਸ ਦੇ ਲੱਖਾਂ ਸਾਲ ਹੋਰ ਰਹਿੰਦੇ ਹਨ। ਸ਼ਾਸਤਰਾਂ ਦੇ ਅਨੁਸਾਰ ਤਾਂ ਸ੍ਰਿਸ਼ਟੀ ਦੇ ਮਹਾਵਿਨਾਸ਼ ਵਿਚ ਬਹੁਤ ਸਮਾਂ ਰਹਿੰਦਾ ਹੈ"।

ਪਰੰਤੂ ਹੁਣ ਪਰਮਪਿਤਾ ਪਰਮਾਤਮਾ ਕਹਿੰਦੇ ਹਨ ਕਿ ਹੁਣ ਤਾਂ ਕਲਿਜੁਗ ਬੁੱਢਾ ਹੋ ਚੁਕਿਆ ਹੈ। ਹੁਣ ਤਾਂ ਸ੍ਰਿਸ਼ਟੀ ਦੇ ਮਹਾਵਿਨਾਸ਼ ਦੀ ਘੜੀ ਨਜ਼ਦੀਕ ਆ ਪਹੁੰਚੀ ਹੈ। ਹੁਣ ਸਾਰੇ ਦੇਖ ਵੀ ਰਹੇ ਹਨ ਕਿ ਇਹ ਮਨੁੱਖ-ਸ੍ਰਿਸ਼ਟੀ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਚਿਖਾ ਵਿਚ ਜਲ ਰਹੀ ਹੈ। ਸ੍ਰਿਸ਼ਟੀ ਦੇ ਮਹਾਵਿਨਾਸ਼ ਦੇ ਲਈ ਐਟਮ-ਬੰਬ, ਹਾਈ-ਡਰੋਜਨ ਬੰਬ ਅਤੇ ਮੂਸਲ ਵੀ ਬਣ ਚੁਕੇ ਹਨ। ਇਸ ਵਾਸਤੇ ਹੁਣ ਵੀ ਜੇਕਰ ਕੋਈ ਕਹਿੰਦਾ ਹੈ ਕਿ ਮਹਾਵਿਨਾਸ਼ ਦੂਰ ਹੈ, ਤਾਂ ਉਹ ਘੋਰ ਅਗਿਆਨ ਵਿਚ ਹੈ ਅਤੇ ਕੁੰਭਕਰਣੀ ਨੀਂਦ ਵਿਚ ਸੁੱਤਾ ਹੋਇਆ ਹੈ। ਉਹ ਆਪਣਾ ਅਕਲਿਆਣ ਕਰ ਰਿਹਾ ਹੈ। ਹੁਣ ਜਦ ਕਿ ਪਰਮਪਿਤਾ ਪਰਮਾਤਮਾ ਸ਼ਿਵ ਅਵਤਰਿਤ ਹੋ ਕੇ ਗਿਆਨ-ਅੰਮ੍ਰਿਤ ਪਿਲਾ ਰਹੇ ਹਨ, ਤਾਂ ਉਹ ਲੋਕ ਉਸ ਤੋਂ ਵਾਂਝੇ ਹਨ।

ਅੱਜ ਤਾਂ ਵਿਗਿਆਨੀ ਅਤੇ ਵਿਦਿਆ ਦੇ ਮਾਹਿਰ ਵੀ ਕਹਿੰਦੇ ਹਨ ਕਿ ਜਨਸੰਖਿਆ ਜਿਸ ਤੇਜ਼ ਰਫ਼ਤਾਰ ਨਾਲ ਵਧ ਰਹੀ ਹੈ, ਅੰਨ ਦੀ ਉਪਜ ਉਸ ਅਨੁਪਾਤ ਨਾਲ ਨਹੀਂ ਹੋ ਰਹੀ ਹੈ। ਇਸ ਲਈ ਉਹ ਇਕ ਅਤਿਅੰਤ ਭਿਅੰਕਰ ਅਕਾਲ ਦੇ ਨਤੀਜੇ ਵਜੋਂ ਮਹਾਵਿਨਾਸ਼ ਦਾ ਐਲਾਨ ਕਰਦੇ ਹਨ। ਫੇਰ, ਵਾਤਾਵਰਣ ਦੀ ਭ੍ਰਿਸ਼ਟਤਾ ਅਤੇ ਪੈਟਰੋਲ, ਕੋਲਾ ਆਦਿ ਸ਼ਕਤੀ ਸ੍ਰੋਤਾਂ (ਨਿਕਾਸ ਦਾ ਸਥਾਨ) ਕੁਝ ਹੀ ਸਾਲਾਂ ਵਿਚ ਖ਼ਤਮ ਹੋ ਜਾਣ ਦਾ ਐਲਾਨ ਵੀ ਵਿਗਿਆਨੀ ਕਰ ਰਹੇ ਹਨ। ਦੂਜੇ ਲੋਕ ਪ੍ਰਿਥਵੀ ਦੇ ਠੰਢੇ ਹੋ ਜਾਣ ਦੇ ਕਾਰਣ ਹਿਮ-ਪਾਤ ਦੀ ਗੱਲ ਦੱਸ ਰਹੇ ਹਨ। ਅੱਜ ਸਿਰਫ਼ ਰੂਸ ਅਤੇ ਅਮਰੀਕਾ ਦੇ ਕੋਲ ਹੀ 12 ਲੱਖ ਐਟਮ-ਬੰਬ ਜਿੰਨੇ ਅਣੂ ਸ਼ਸਤਰ ਹਨ। ਇਸ ਤੋਂ ਇਲਾਵਾ, ਅੱਜ ਦਾ ਜੀਵਨ ਇਤਨਾ ਵਿਕਾਰੀ ਅਤੇ ਖਿਚਾਉ ਵਾਲਾ ਹੋ ਗਿਆ ਹੈ ਕਿ ਹੁਣ ਕਰੋੜਾਂ ਸਾਲਾਂ ਤਕ ਕਲਿਜੁਗ ਦਾ ਮੰਨਣਾ ਤਾਂ ਇਨ੍ਹਾਂ ਸਾਰੀਆਂ ਗੱਲਾਂ ਤੋਂ ਅੱਖਾਂ ਬੰਦ ਕਰਨਾ ਹੀ ਹੈ ਪਰੰਤੂ ਸਾਰਿਆਂ ਨੂੰ ਯਾਦ ਰਹੇ ਕਿ ਪਰਮਾਤਮਾ ਅਧਰਮ ਦੇ ਮਹਾ-ਵਿਨਾਸ਼ ਤੋਂ ਪਹਿਲਾਂ ਹੀ ਦੈਵੀ ਧਰਮ ਦੀ ਦੁਬਾਰਾ ਸਥਾਪਨਾ ਵੀ ਕਰਾਉਂਦੇ ਹਨ।

ਇਸ ਵਾਸਤੇ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਹੁਣ ਪਰਮਪਿਤਾ ਪਰਮਾਤਮਾ ਸ਼ਿਵ ਸਤਜੁਗੀ ਪਾਵਨ ਅਤੇ ਦੈਵੀ ਸ੍ਰਿਸ਼ਟੀ ਦੀ ਫੇਰ ਸਥਾਪਨਾ ਕਰਾ ਰਹੇ ਹਨ। ਉਹ ਮਨੁੱਖ ਨੂੰ ਦੇਵਤਾ ਅਥਵਾ ਪਤਿਤਾਂ ਨੂੰ ਪਾਵਨ ਬਣਾ ਰਹੇ ਹਨ। ਇਸ ਲਈ ਉਨ੍ਹਾਂ ਦੁਆਰਾ ਸਹਿਜ ਰਾਜਯੋਗ ਅਤੇ ਗਿਆਨ-ਇਹ ਅਨਮੋਲ ਵਿਦਿਆ ਸਿੱਖ ਕੇ ਜੀਵਨ ਨੂੰ ਪਾਵਨ, ਸਤੋਪ੍ਰਧਾਨ, ਦੈਵੀ ਅਤੇ ਆਨੰਦਭਰਪੂਰ ਬਣਾਉਣ ਦਾ ਸਰਵੋਤਮ ਪੁਰਸ਼ਾਰਥ ਕਰਨਾ ਚਾਹੀਦਾ ਹੈ। ਜਿਹੜੇ ਲੋਕ ਇਹ ਸਮਝ ਬੈਠੇ ਹਨ ਕਿ ਹਾਲੇ ਤਾਂ ਕਲਿਜੁਗ ਨੂੰ ਲੱਖਾਂ ਸਾਲ ਬਾਕੀ ਹਨ, ਉਹ ਆਪਣੇ ਹੀ ਸੁਭਾਗ ਨੂੰ ਖ਼ੁਦ ਵਾਪਿਸ ਕਰ ਰਹੇ ਹਨ।

ਹੁਣ ਕਲਿਜੁਗੀ ਸ੍ਰਿਸ਼ਟੀ ਅਖ਼ੀਰਲੇ ਸਾਹ ਲੈ ਰਹੀ ਹੈ, ਇਹ ਮਰਣ ਕਿਨਾਰੇ ਹੈ। ਇਹ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਰੋਗਾਂ ਨਾਲ ਦੁਖੀ ਹੈ। ਇਸ ਵਾਸਤੇ ਇਸ ਸ੍ਰਿਸ਼ਟੀ ਦੀ ਉਮਰ ਅਰਬਾਂ ਸਾਲ ਮੰਨਣਾ ਭੁੱਲ ਹੈ ਅਤੇ ਕਲਿਜੁਗ ਨੂੰ ਹੁਣ ਬੱਚਾ ਮੰਨ ਕੇ ਅਗਿਆਨ-ਨੀਂਦ ਵਿਚ ਸੌਣ ਵਾਲੇ ਲੋਕ ਹੀ 'ਕੁੰਭਕਰਣ' ਹਨ। ਜਿਹੜੇ ਮਨੁੱਖ ਇਸ ਈਸ਼ਵਰੀ ਸੰਦੇਸ਼ ਨੂੰ ਇਕ ਕੰਨ ਤੋਂ ਸੁਣ ਕੇ ਦੂਜੇ ਕੰਨ 'ਚੋਂ ਕੱਢ ਦਿੰਦੇ ਹਨ, ਉਨ੍ਹਾਂ ਦੇ ਕੰਨ ਇਸ ਤਰ੍ਹਾਂ ਦੇ ਕੁੰਭ ਦੇ ਬਰਾਬਰ ਹਨ, ਕਿਉਂਕਿ ਕੁੰਭ ਬੁੱਧੀ-ਹੀਨ ਹੁੰਦਾ ਹੈ।

# ਕੀ ਰਾਵਣ ਦੇ ਦਸ ਸਿਰ ਸਨ? ਰਾਵਣ ਕਿਸਦਾ ਪ੍ਰਤੀਕ ਹੈ?

ਭਾਰਤ ਦੇ ਲੋਕ ਹਰ ਸਾਲ ਰਾਵਣ ਦਾ ਬੁੱਤ ਜਲਾਉਂਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਕ ਦਸ ਸਿਰ ਵਾਲਾ ਰਾਵਣ ਸ੍ਰੀ ਲੰਕਾ ਦਾ ਰਾਜਾ ਸੀ; ਉਹ ਇਕ ਬਹੁਤ ਵੱਡਾ ਰਾਖਸ਼ ਸੀ ਅਤੇ ਉਸ ਨੇ ਸ੍ਰੀ ਸੀਤਾ ਦਾ ਅਪਹਰਣ ਕੀਤਾ ਸੀ। ਉਹ ਇਹ ਵੀ ਮੰਨਦੇ ਹਨ ਕਿ ਰਾਵਣ ਬਹੁਤ ਵੱਡਾ ਵਿਦਵਾਨ ਸੀ; ਇਸ ਲਈ ਉਹ ਉਸਦੇ ਹੱਥ ਵਿਚ ਵੇਦ, ਸ਼ਾਸਤਰ ਆਦਿ ਦਿਖਾਉਂਦੇ ਹਨ। ਨਾਲ ਹੀ ਉਹ ਉਸਦੇ ਸਿਰ ਤੇ ਗਧੇ ਦਾ ਸਿਰ ਵੀ ਦਿਖਾਉਂਦੇ ਹਨ ਜਿਸਦਾ ਅਰਥ ਉਹ ਇਹ ਲੈਂਦੇ ਕਿ ਉਹ ਹੱਠੀ ਅਤੇ ਬੁੱਧੀਹੀਨ ਸੀ। ਲੇਕਿਨ ਹੁਣ ਪਰਮਪਿਤਾ ਪਰਮਾਤਮਾ ਸ਼ਿਵ ਨੇ ਸਮਝਾਇਆ ਕਿ ਰਾਵਣ ਕੋਈ ਦਸ ਸਿਰ ਵਾਲਾ ਰਾਖਸ਼ (ਮਨੁੱਖ) ਨਹੀਂ ਸੀ, ਸਗੋਂ ਰਾਵਣ ਦਾ ਪੁਤਲਾ ਵਾਸਤਵ ਵਿਚ ਬੁਰਾਈ ਦਾ ਪ੍ਰਤੀਕ ਹੈ। ਰਾਵਣ ਦੇ ਦਸ ਸਿਰ ਪੁਰਖ ਅਤੇ ਇਸਤਰੀ ਦੇ ਪੰਜ-ਪੰਜ ਵਿਕਾਰਾਂ ਨੂੰ ਪ੍ਰਗਟ ਕਰਦੇ ਹਨ ਅਤੇ ਉਸ ਦਾ ਪੁਤਲਾ ਇਕ ਇਸ ਤਰ੍ਹਾਂ ਦੇ ਸਮਾਜ ਦਾ ਪ੍ਰਤੀਕ ਹੈ ਜਿਹੜਾ ਇਸ ਪ੍ਰਕਾਰ ਦੇ ਵਿਕਾਰੀ ਇਸਤਰੀ-ਪੁਰਖਾਂ ਦਾ ਬਣਿਆ ਹੋਵੇ। ਇਸ ਸਮਾਜ ਦੇ ਲੋਕ ਬਹੁਤ ਗ੍ਰੰਥ ਜਾਂ ਸ਼ਾਸਤਰ ਪੜ੍ਹੇ ਹੋਏ ਅਤੇ ਵਿਗਿਆਨ ਵਿਚ ਉੱਚੀ ਸਿਖਿਆ ਪ੍ਰਾਪਤੀ ਵਾਲੇ ਵੀ ਹੋ ਸਕਦੇ ਹਨ ਲੇਕਿਨ ਉਹ ਹਿੰਸਾ ਅਤੇ ਦੂਜੇ ਵਿਕਾਰਾਂ ਦੇ ਵਸ ਹੁੰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਪੰਡਿਤਾਈ ਉਨ੍ਹਾਂ ਤੇ ਭਾਰ ਹੀ ਹੁੰਦੀ ਹੈ। ਉਹ ਹੱਠੀ ਬਣ ਗਏ ਹੁੰਦੇ ਹਨ ਅਤੇ ਭਲੇ ਦੀਆਂ ਗੱਲਾਂ ਲਈ ਉਨ੍ਹਾਂ ਦੇ ਕੰਨ ਬੰਦ ਹੋ ਗਏ ਹੁੰਦੇ ਹਨ। 'ਰਾਵਣ' ਸ਼ਬਦ ਦਾ ਅਰਥ ਹੀ ਹੈ- ਜਿਹੜਾ ਦੂਜਿਆਂ ਨੂੰ ਰੁਆਉਣ ਵਾਲਾ ਹੈ। ਇਸ ਤਰ੍ਹਾਂ ਇਹ ਬੁਰੇ ਕੰਮਾਂ ਦਾ ਸੂਚਕ ਹੈ ਕਿਉਂਕਿ ਬੁਰੇ ਕੰਮ ਹੀ ਤਾਂ ਮਨੁੱਖ ਦੇ ਜੀਵਨ ਵਿਚ ਦੁਖ ਤੇ ਹੰਝੂ ਲਿਆਉਂਦੇ ਹਨ। ਇਸ ਲਈ ਸੀਤਾ ਦੇ ਅਪਹਰਣ ਦਾ ਭਾਵ ਅਸਲ ਵਿਚ ਆਤਮਾਵਾਂ ਦੀ ਸ਼ੁੱਧ ਭਾਵਨਾਵਾਂ ਦੇ ਹੀ ਅਪਹਰਣ ਦਾ ਸੂਚਕ ਹੈ। ਇਸ ਪ੍ਰਕਾਰ, 'ਕੁੰਭਕਰਣ' ਆਲਸ ਦਾ ਅਤੇ 'ਮੇਘਨਾਥ' ਬੁਰੇ ਸ਼ਬਦਾਂ ਦਾ ਪ੍ਰਤੀਕ ਹੈ ਅਤੇ ਇਹ ਸਾਰਾ ਸੰਸਾਰ ਹੀ ਇਕ ਮਹਾਦੀਪ ਹੈ ਅਥਵਾ ਮਨੁੱਖ ਦਾ ਮਨ ਹੀ ਲੰਕਾ ਹੈ।

ਇਸ ਵਿਚਾਰ ਨਾਲ ਅਸੀਂ ਕਹਿ ਸਕਦੇ ਹਾਂ ਕਿ ਇਸ ਵਿਸ਼ਵ ਵਿਚ ਦੁਆਪਰ ਅਤੇ ਕਲਿਜੁਗ ਵਿਚ (ਅਰਥਾਤ 2500 ਸਾਲ) 'ਰਾਵਣ ਰਾਜ' ਹੁੰਦਾ ਹੈ ਕਿਉਂਕਿ ਇਨ੍ਹਾਂ ਦੋ ਜੁਗਾਂ ਵਿਚ ਲੋਕਆਇਆ ਜਾਂ ਵਿਕਾਰਾਂ ਦੇ ਵਸ ਹੁੰਦੇ ਹਨ। ਉਸ ਵੇਲੇ ਅਨੇਕ ਪੂਜਾ-ਪਾਠ ਕਰਨ ਅਤੇ ਸ਼ਾਸਤਰ ਪੜ੍ਹਣ ਦੇ ਬਾਵਜੂਦ ਵੀ ਮਨੁੱਖ ਵਿਕਾਰੀ, ਅਧਰਮੀ ਅਤੇ ਭ੍ਰਿਸ਼ਟਾਚਾਰੀ ਬਣ ਜਾਂਦੇ ਹਨ। ਰੋਗ, ਸ਼ੋਕ, ਅਸ਼ਾਂਤੀ ਅਤੇ ਦੁਖ ਦਾ ਸਭਨੀ ਥਾਈਂ ਬੋਲਬਾਲਾ ਹੁੰਦਾ ਹੈ। ਮਨੁੱਖਾਂ ਦਾ ਖਾਣਪਾਨ ਅਸੁਰਾਂ ਵਰਗਾ (ਮਾਸ-ਸ਼ਰਾਬ, ਤਾਮਸੀ ਭੋਜਨ ਆਦਿ) ਬਣ ਜਾਂਦਾ ਹੈ। ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਆਦਿ ਵਿਕਾਰਾਂ ਦੇ ਵਸ ਹੋ ਕੇ ਇਕ-ਦੂਜੇ ਨੂੰ ਦੁਖ ਦੇਂਦੇ ਅਤੇ ਰੁਵਾਉਂਦੇ ਹਨ। ਠੀਕ ਇਸ ਦੇ ਉਲਟ, ਸਵਰਣਜੁਗ ਅਤੇ ਰਜਤ ਜੁਗ ਵਿਚ ਰਾਮ-ਰਾਜ ਸੀ, ਕਿਉਂਕਿ ਪਰਮਾਤਮਾ, ਜਿਨ੍ਹਾਂ ਨੂੰ ਰਮਣੀਕ ਅਥਵਾ ਸੁਖਦਾਤਾ ਹੋਣ ਦੇ ਕਾਰਣ 'ਰਾਮ' ਵੀ ਕਹਿੰਦੇ ਹਨ, ਉਸ ਨੇ ਪਵਿੱਤਰਤਾ, ਸ਼ਾਂਤੀ ਅਤੇ ਸੁਖ-ਸੰਪੰਨ ਦੈਵੀ ਸਵਰਾਜ ਦੀ ਸਥਾਪਨਾ ਕੀਤੀ ਸੀ। ਉਸ ਰਾਮ-ਰਾਜ ਦੇ ਬਾਰੇ ਵਿਚ ਪ੍ਰਸਿੱਧ ਹੈ ਕਿ ਤਦ ਸ਼ਹਿਦ ਅਤੇ ਦੁੱਧ ਦੀਆਂ ਨਦੀਆਂ ਵਹਿੰਦੀਆਂ ਸਨ ਅਤੇ ਸ਼ੇਰ ਅਤੇ ਗਾਂ ਇਕ ਹੀ ਘਾਟ ਤੇ ਪਾਣੀ ਪੀਂਦੇ ਸਨ।

ਹੁਣ ਵਰਤਮਾਨ ਜੁਗ ਵਿਚ ਮਨੁੱਖ-ਆਤਮਾਵਾਂ ਫੇਰ ਤੋਂ ਮਾਇਆ ਅਰਥਾਤ ਰਾਵਣ ਦੇ ਪ੍ਰਭਾਵ ਵਿਚ ਹਨ। ਉਦਯੋਗਿਕ ਉੱਨਤੀ, ਬਹੁਤ ਜ਼ਿਆਦਾ ਧਨ-ਦੌਲਤ ਅਤੇ ਸੰਸਾਰਕ ਸੁਖ-ਸਾਰੇ ਸਾਧਨ ਹੁੰਦੇ ਹੋਏ ਵੀ ਮਨੁੱਖ ਨੂੰ ਸੱਚੇ ਸੁਖ ਅਤੇ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੈ। ਘਰ ਘਰ ਵਿਚ ਕਲਿਹ-ਕਲੇਸ਼, ਲੜਾਈ-ਝਗੜਾ ਅਤੇ ਦੁਖ-ਅਸ਼ਾਂਤੀ ਹੈ ਅਤੇ ਭ੍ਰਿਸ਼ਟਾਚਾਰ, ਮਿਲਾਵਟ, ਅਧਰਮ ਅਤੇ ਝੂਠ ਦਾ ਹੀ ਰਾਜ ਹੈ, ਤਦੇ ਤਾਂ ਇਸ ਨੂੰ 'ਰਾਵਣ-ਰਾਜ' ਕਹਿੰਦੇ ਹਨ।

ਹੁਣ ਪਰਮਾਤਮਾ ਸ਼ਿਵ ਗੀਤਾ ਵਿਚ ਦਿੱਤੇ ਹੋਏ ਆਪਣੇ ਵਚਨ ਦੇ ਅਨੁਸਾਰ ਸਹਿਜ ਗਿਆਨ ਅਤੇ ਰਾਜਯੋਗ ਦੀ ਸਿਖਿਆ ਦੇ ਰਹੇ ਹਨ ਅਤੇ ਮਨੁੱਖ-ਆਤਮਾਵਾਂ ਦੇ ਮਨੋ-ਵਿਕਾਰਾਂ ਨੂੰ ਖ਼ਤਮ ਕਰਕੇ ਉਨ੍ਹਾਂ ਵਿਚ ਦੈਵੀ-ਗੁਣ ਧਾਰਣ ਕਰਾ ਰਹੇ ਹਨ। ਉਹ ਫੇਰ ਵਿਸ਼ਵ ਵਿਚ ਬਾਪੂ-ਗਾਂਧੀ ਜੀ ਦੇ ਸੁਪਨਿਆਂ ਦਾ ਰਾਮ-ਰਾਜ ਸਥਾਪਨ ਕਰ ਰਹੇ ਹਨ। ਇਸ ਵਾਸਤੇ ਸਾਨੂੰ ਸਾਰਿਆਂ ਨੂੰ ਸਤਧਰਮ ਅਤੇ ਨਿਰਵਿਕਾਰੀ ਮਾਰਗ ਅਪਨਾਉਂਦੇ ਹੋਏ ਪਰਮਾਤਮਾ ਦੇ ਇਸ ਮਹਾਨ ਕਾਰਜ ਵਿਚ ਸਹਿਯੋਗੀ ਬਣਨਾ ਚਾਹੀਦਾ ਹੈ।

# ਕਲਿਜੁਗੀ ਸ੍ਰਿਸ਼ਟੀ


कलियुगी सृष्टि
WORLD OF TODAY
हिंसा VIOLENCE
5 VICES IN MAN
से 2000 ई. पू.
FROM 500 B.C.
रावण राज्य RAWAN RAJYA

# ਮਨੁੱਖ-ਜੀਵਨ ਦਾ ਉਦੇਸ਼ ਕੀ ਹੈ ?



# ਮਨੁੱਖ-ਜੀਵਨ ਦਾ ਉਦੇਸ਼ ਕੀ ਹੈ?

ਮਨੁੱਖ ਦਾ ਵਰਤਮਾਨ ਜੀਵਨ ਬਹੁਤ ਅਨਮੋਲ ਹੈ ਕਿਉਂਕਿ ਹੁਣ ਸੰਗਮ ਜੁਗ ਵਿਚ ਹੀ ਉਹ ਸਰਵੋਤਮ ਪੁਰਸ਼ਾਰਥ ਕਰਕੇ ਜਨਮ ਜਨਮਾਂਤਰ ਦੇ ਲਈ ਸਰਵੋਤਮ ਪ੍ਰਾਲਬਧ ਬਣਾ ਸਕਦਾ ਹੈ ਅਤੇ ਅਤੁੱਲ ਹੀਰੇ-ਤੁੱਲ ਕਮਾਈ ਕਰ ਸਕਦਾ ਹੈ। ਉਹ ਇਸੇ ਜਨਮ ਵਿਚ ਸ੍ਰਿਸ਼ਟੀ ਦਾ ਮਾਲਿਕ ਅਥਵਾ ਜਗਤਜੀਤ ਬਣਨ ਦਾ ਪੁਰਸ਼ਾਰਥ ਕਰ ਸਕਦਾ ਹੈ: ਪਰੰਤੂ, ਅੱਜ ਮਨੁੱਖ ਨੂੰ ਜੀਵਨ ਦਾ ਨਿਸ਼ਾਨਾ ਨਾ ਪਤਾ ਹੋਣ ਦੇ ਕਾਰਣ ਉਹ ਸਰਵੋਤਮ ਪੁਰਸ਼ਾਰਥ ਕਰਨ ਦੀ ਬਜਾਏ ਇਸ ਨੂੰ ਵਿਸ਼ੇ-ਵਿਕਾਰਾਂ ਵਿਚ ਗੁਆ ਰਿਹਾ ਹੈ ਅਥਵਾ ਥੋੜ੍ਹੇ ਸਮੇਂ ਦੀ ਪ੍ਰਾਪਤੀ ਵਿਚ ਹੀ ਲਗਾ ਰਿਹਾ ਹੈ! ਅੱਜ ਉਹ ਲੌਕਿਕ ਸਿਖਿਆ ਦੁਆਰਾ ਹੀ ਵਕੀਲ, ਡਾਕਟਰ, ਇੰਜੀਨੀਅਰ ਬਣਨ ਦਾ ਪੁਰਸ਼ਾਰਥ ਕਰ ਰਿਹਾ ਹੈ ਅਤੇ ਕੋਈ ਤਾਂ ਰਾਜਨੀਤੀ ਵਿਚ ਹਿੱਸਾ ਲੈ ਕੇ ਦੇਸ਼ ਦਾ ਨੇਤਾ, ਮੰਤਰੀ ਅਥਵਾ ਪ੍ਰਧਾਨ ਮੰਤਰੀ ਬਣਨ ਦੇ ਉੱਦਮ ਵਿਚ ਲਗਾ ਹੋਇਆ ਹੈ। ਦੂਜਾ ਕੋਈ ਇਨ੍ਹਾਂ ਸਾਰਿਆਂ ਦਾ ਸੰਨਿਆਸ ਕਰਕੇ, ਸੰਨਿਆਸੀ ਬਣ ਕੇ ਹੀ ਰਹਿਣਾ ਚਾਹੁੰਦਾ ਹੈ। ਪਰੰਤੂ ਸਾਰੇ ਜਾਣਦੇ ਹਨ ਕਿ ਇਸ ਮਿਰਤੂ-ਲੋਕ ਵਿਚ ਤਾਂ ਰਾਜਾ-ਰਾਣੀ ਨੇਤਾ, ਵਕੀਲ, ਇੰਜੀਨੀਅਰ, ਡਾਕਟਰ, ਸੰਨਿਆਸੀ ਆਦਿ ਕੋਈ ਵੀ ਪੂਰਣ ਸੁਖੀ ਨਹੀਂ ਹੈ। ਸਾਰਿਆਂ ਨੂੰ ਤਨ ਦਾ ਰੋਗ, ਮਨ ਦੀ ਅਸ਼ਾਂਤੀ, ਧੰਨ ਦੀ ਘਾਟ, ਜਨਤਾ ਦੀ ਚਿੰਤਾ ਜਾਂ ਪ੍ਰਕ੍ਰਿਤੀ ਦੇ ਦੁਆਰਾ ਕੋਈ ਮੁਸੀਬਤ, ਕੁਝ-ਨਾ-ਕੁਝ ਤਾਂ ਦੁਖ ਚਿੰਬੜਿਆ ਹੀ ਹੋਇਆ ਹੈ। ਇਸ ਤਰ੍ਹਾਂ ਇਨ੍ਹਾਂ ਦੀ ਪ੍ਰਾਪਤੀ ਨਾਲ ਮਨੁੱਖ-ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਮਨੁੱਖ ਤਾਂ ਸੰਪੂਰਣ ਪਵਿੱਤਰਤਾ, ਸਦਾ ਸੁਖ ਅਤੇ ਸਥਾਈ ਸ਼ਾਂਤੀ ਚਾਹੁੰਦਾ ਹੈ।

ਚਿੱਤਰ ਵਿਚ ਦਰਸਾਇਆ ਗਿਆ ਹੈ ਕਿ ਮਨੁੱਖ-ਜੀਵਨ ਦਾ ਉਦੇਸ਼ ਮੁਕਤੀ ਦੀ ਪ੍ਰਾਪਤੀ ਅਥਵਾ ਬੈਕੁੰਠ ਵਿਚ ਸੰਪੂਰਣ ਸੁਖ-ਸ਼ਾਂਤੀ-ਸੰਪੰਨ ਸ੍ਰੀ ਨਰਾਇਣ ਜਾਂ ਸ੍ਰੀ ਲਕਸ਼ਮੀ ਪਦਵੀ ਦੀ ਪ੍ਰਾਪਤੀ ਹੀ ਹੈ ਕਿਉਂਕਿ ਬੈਕੁੰਠ ਦੇ ਦੇਵਤਾ ਤਾਂ ਅਮਰ ਮੰਨੇ ਗਏ ਹਨ, ਉਨ੍ਹਾਂ ਦੀ ਅਕਾਲੇ ਮਿਰਤੂ ਨਹੀਂ ਹੁੰਦੀ; ਉਨ੍ਹਾਂ ਦੀ ਕਾਇਆ ਹਮੇਸ਼ਾ ਨਿਰੋਗੀ ਹੁੰਦੀ ਹੈ ਅਤੇ ਉਨ੍ਹਾਂ ਦੇ ਖ਼ਜਾਨੇ ਵਿਚ ਕਿਸੇ ਪ੍ਰਕਾਰ ਦੀ ਘਾਟ ਨਹੀਂ ਹੁੰਦੀ। ਇਸ ਲਈ ਹੀ ਤਾਂ ਮਨੁੱਖ ਸਵਰਗ ਅਥਵਾ ਬੈਕੁੰਠ ਨੂੰ ਯਾਦ ਕਰਦੇ ਹਨ ਅਤੇ ਜਦੋਂ ਉਨ੍ਹਾਂ ਦਾ ਕੋਈ ਪਿਆਰਾ ਸੰਬੰਧੀ ਸ਼ਰੀਰ ਛੱਡਦਾ ਹੈ ਤਾਂ ਉਹ ਕਹਿੰਦੇ ਹਨ ਕਿ...."ਉਹ ਸਵਰਗ ਸਿਧਾਰ ਗਿਆ ਹੈ"।

### ਇਸ ਪਦਵੀ ਦੀ ਪ੍ਰਾਪਤੀ ਖ਼ੁਦ ਪਰਮਾਤਮਾ ਹੀ ਈਸ਼ਵਰੀ ਵਿਦਿਆ ਦੁਆਰਾ ਕਰਾਉਂਦੇ ਹਨ।

ਇਸ ਮਨੋਰਥ ਦੀ ਪ੍ਰਾਪਤੀ ਕੋਈ ਮਨੁੱਖ, ਅਰਥਾਤ ਕੋਈ ਸਾਧੂ-ਸੰਨਿਆਸੀ, ਗੁਰੂ ਜਾਂ ਜਗਤਗੁਰੂ ਨਹੀਂ ਕਰਾ ਸਕਦਾ ਸਗੋਂ ਇਹ ਦੋ ਤਾਜਾਂ ਵਾਲਾ ਦੇਵ-ਪਦ ਅਥਵਾ ਰਾਜਾ-ਰਾਣੀ ਪਦ ਤਾਂ ਗਿਆਨ ਦੇ ਸਾਗਰ ਪਰਮਪਿਤਾ ਪਰਮਾਤਮਾ ਸ਼ਿਵ ਕੋਲੋਂ ਪ੍ਰਜਾਪਿਤਾ ਬ੍ਰਹਮਾ ਦੁਆਰਾ ਈਸ਼ਵਰੀ ਗਿਆਨ ਅਤੇ ਸਹਿਜ ਰਾਜਯੋਗ ਦੇ ਅਭਿਆਸ ਨਾਲ ਪ੍ਰਾਪਤ ਹੁੰਦਾ ਹੈ।

ਇਸ ਲਈ ਹੁਣ ਜਦਕਿ ਪਰਮਪਿਤਾ ਪਰਮਾਤਮਾ ਸ਼ਿਵ ਨੇ ਇਸ ਸਰਵੋਤਮ ਈਸ਼ਵਰੀ ਵਿਦਿਆ ਦੀ ਸਿਖਿਆ ਦੇਣ ਦੇ ਲਈ ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ-ਵਿਦਿਆਲਾ ਦੀ ਸਥਾਪਨਾ ਕੀਤੀ ਹੈ ਤਾਂ ਸਾਰੇ ਨਰ-ਨਾਰੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰ ਗ੍ਰਹਿਸਥ ਵਿਚ ਰਹਿੰਦੇ ਹੋਏ, ਆਪਣਾ ਕਾਰਜ-ਧੰਦਾ ਕਰਦੇ ਹੋਏ, ਰੋਜ਼ਾਨਾ ਇਕ-ਦੋ ਘੰਟਾ ਕੱਢ ਕੇ ਆਪਣੇ ਭਵਿੱਖ ਵਿਚ ਜਨਮ-ਜਨਮਾਂਤਰ ਦੇ ਕਲਿਆਣ ਦੇ ਲਈ ਇਸ ਸਰਵੋਤਮ ਅਤੇ ਸਹਿਜ ਸਿਖਿਆ ਨੂੰ ਪ੍ਰਾਪਤ ਕਰਨ।

ਇਸ ਵਿਦਿਆ ਦੀ ਪ੍ਰਾਪਤੀ ਦੇ ਲਈ ਤਾਂ ਕੁਝ ਵੀ ਖਰਚਾ ਕਰਨ ਦੀ ਜ਼ਰੂਰਤ ਨਹੀਂ ਹੈ; ਇਸ ਲਈ ਇਸ ਨੂੰ ਤਾਂ ਗ਼ਰੀਬ ਵਿਅਕਤੀ ਵੀ ਪ੍ਰਾਪਤ ਕਰ ਕੇ ਆਪਣਾ ਸੁਭਾਗ ਬਣਾ ਸਕਦੇ ਹਨ। ਇਸ ਵਿਦਿਆ ਨੂੰ ਤਾਂ ਕੰਨਿਆਵਾਂ, ਮਾਤਾਵਾਂ, ਬੁੱਢੇ, ਛੋਟੇ ਬੱਚਿਆਂ ਅਤੇ ਦੂਜੇ ਸਾਰਿਆਂ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹੈ ਕਿਉਂਕਿ ਆਤਮਾ ਦੀ ਦ੍ਰਿਸ਼ਟੀ ਨਾਲ ਤਾਂ ਸਾਰੇ ਪਰਮਪਿਤਾ ਪਰਮਾਤਮਾ ਦੀ ਸੰਤਾਨ ਹਨ।

### ਹੁਣ ਨਹੀਂ ਤਾਂ ਕਦੇ ਵੀ ਨਹੀਂ!

ਵਰਤਮਾਨ ਜਨਮ ਸਾਰਿਆਂ ਦਾ ਅਖ਼ੀਰਲਾ ਜਨਮ ਹੈ। ਇਸ ਲਈ, ਹੁਣ ਇਹ ਪੁਰਸ਼ਾਰਥ ਨਾ ਕੀਤਾ ਤਾਂ ਫੇਰ ਇਹ ਕਦੇ ਵੀ ਨਹੀਂ ਹੋ ਸਕੇਗਾ ਕਿਉਂਕਿ ਖ਼ੁਦ ਗਿਆਨ-ਸਾਗਰ ਪਰਮਾਤਮਾ ਦੁਆਰਾ ਦਿਤਾ ਹੋਇਆ ਮੂਲ ਗੀਤਾ ਗਿਆਨ ਕਲਪ ਵਿਚ ਇਕੋ ਵਾਰ ਇਸ ਕਲਿਆਣਕਾਰੀ ਸੰਗਮ ਜੁਗ ਵਿਚ ਹੀ ਪ੍ਰਾਪਤ ਹੋ ਸਕਦਾ ਹੈ।

# ਨਿਕਟ ਭਵਿੱਖ ਵਿਚ ਸ੍ਰੀ ਕ੍ਰਿਸ਼ਨ ਆ ਰਹੇ ਹਨ

ਅੱਜ ਰੋਜ਼ਾਨਾ ਅਖ਼ਬਾਰਾਂ ਵਿਚ ਅਕਾਲ, ਹੜ੍ਹ, ਭ੍ਰਿਸ਼ਟਾਚਾਰ ਅਤੇ ਲੜਾਈ-ਝਗੜਿਆਂ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ। ਕੁਦਰਤ ਦੇ ਪੰਜ ਤੱਤ ਵੀ ਮਨੁੱਖ ਨੂੰ ਦੁਖ ਦੇ ਰਹੇ ਹਨ ਅਤੇ ਸਾਰਾ ਹੀ ਵਾਤਾਵਰਣ ਗੰਦਾ ਹੋ ਗਿਆ ਹੈ। ਅਤਿਆਚਾਰ, ਵਿਸ਼ੇ-ਵਿਕਾਰ ਅਤੇ ਅਧਰਮ ਦਾ ਹੀ ਬੋਲ-ਬਾਲਾ ਹੈ ਅਤੇ ਇਹ ਵਿਸ਼ਵ ਹੀ 'ਕੰਡਿਆਂ ਦਾ ਜੰਗਲ' ਬਣ ਚੁਕਾ ਹੈ। ਇਕ ਸਮਾਂ ਸੀ ਜਦਕਿ ਵਿਸ਼ਵ ਵਿਚ ਸੰਪੂਰਣ ਸੁਖ-ਸ਼ਾਂਤੀ ਦਾ ਚੱਕਰਵਰਤੀ ਰਾਜ ਸੀ ਅਤੇ ਇਹ ਸ੍ਰਿਸ਼ਟੀ 'ਫੁੱਲਾਂ ਦਾ ਬਗੀਚਾ' ਸੀ। ਕੁਦਰਤ ਵੀ ਸਤੋਪ੍ਰਧਾਨ ਸੀ ਅਤੇ ਕਿਸੇ ਪ੍ਰਕਾਰ ਦੀਆਂ ਕੁਦਰਤੀ ਆਪਦਾਵਾਂ ਨਹੀਂ ਸਨ। ਮਨੁੱਖ ਵੀ ਸਤੋਪ੍ਰਧਾਨ ਦੈਵੀ-ਗੁਣ ਸੰਪੰਨ ਸੀ ਅਤੇ ਆਨੰਦ ਖ਼ੁਸ਼ੀ ਦਾ ਜੀਵਨ ਬਤੀਤ ਕਰਦੇ ਸਨ। ਉਸ ਵੇਲੇ ਇਹ ਸੰਸਾਰ ਸਵਰਗ ਸੀ, ਜਿਸਨੂੰ ਸਤਜੁਗ ਵੀ ਕਹਿੰਦੇ ਹਨ। ਇਸ ਵਿਸ਼ਵ ਵਿਚ ਖ਼ੁਸ਼ਹਾਲੀ, ਸੁਖ ਅਤੇ ਸ਼ਾਂਤੀ ਦਾ ਮੁੱਖ ਕਾਰਣ ਸੀ ਕਿ ਉਸ ਵੇਲੇ ਦੇ ਰਾਜਾ ਅਤੇ ਪ੍ਰਜਾ ਸਾਰੇ ਪਵਿੱਤਰ ਅਤੇ ਸ਼੍ਰੇਸ਼ਟਾਚਾਰੀ ਸਨ। ਇਸ ਲਈ ਉਨ੍ਹਾਂ ਨੂੰ ਸੋਨੇ ਦੇ ਰਤਨ-ਜੜੇ ਹੋਏ ਤਾਜ ਦੇ ਇਲਾਵਾ ਪਵਿੱਤਰਤਾ ਦਾ ਤਾਜ ਵੀ ਦਿਖਾਇਆ ਜਾਂਦਾ ਹੈ। ਸ੍ਰੀ ਕ੍ਰਿਸ਼ਨ ਅਤੇ ਰਾਧਾ ਸਤਿਜੁਗ ਦੇ ਪਹਿਲੇ ਮਹਾਰਾਜਕੁਮਾਰ ਅਤੇ ਮਹਾਰਾਜਕੁਮਾਰੀ ਸਨ ਜਿਨ੍ਹਾਂ ਦਾ ਵਿਆਹ ਦੇ ਬਾਅਦ 'ਸ੍ਰੀ ਨਰਾਇਣ ਅਤੇ ਸ੍ਰੀ ਲਕਸ਼ਮੀ' ਨਾਂ ਪੈਂਦਾ ਹੈ। ਉਨ੍ਹਾਂ ਦੇ ਰਾਜ ਵਿਚ 'ਸ਼ੇਰ ਅਤੇ ਗਾਂ' ਵੀ ਇਕ ਘਾਟ ਤੇ ਪਾਣੀ ਪੀਂਦੇ ਸਨ, ਅਰਥਾਤ, ਪਸ਼ੂ-ਪੰਛੀ ਤਕ ਸੰਪੂਰਣ ਅਹਿੰਸਕ ਸਨ। ਉਸ ਵੇਲੇ ਸਾਰੇ ਸ੍ਰੇਸ਼ਟਾਚਾਰੀ, ਨਿਰਵਿਕਾਰੀ, ਅਹਿੰਸਕ ਅਤੇ ਮਰਿਆਦਾ ਪੁਰਸ਼ੋਤਮ ਸਨ, ਤਦੇ ਹੀ ਉਨ੍ਹਾਂ ਨੂੰ 'ਦੇਵਤਾ' ਕਹਿੰਦੇ ਹਨ। ਜਦਕਿ ਉਸ ਦੀ ਤੁਲਨਾ ਵਿਚ ਅੱਜ ਦਾ ਮਨੁੱਖ ਵਿਕਾਰੀ, ਦੁੱਖੀ ਅਤੇ ਅਸ਼ਾਂਤ ਬਣ ਗਿਆ ਹੈ। ਇਹ ਸੰਸਾਰ ਵੀ ਰੌਰਵ ਨਰਕ ਬਣ ਗਿਆ ਹੈ। ਸਾਰੇ ਨਰ-ਨਾਰੀ ਕਾਮ-ਕ੍ਰੋਧ ਆਦਿ ਵਿਸ਼ੇ-ਵਿਕਾਰਾਂ ਵਿਚ ਗੋਤਾ ਲਗਾ ਰਹੇ ਹਨ। ਇਕ ਵੀ ਮਨੁੱਖ ਵਿਕਾਰਾਂ ਅਤੇ ਦੁੱਖਾਂ ਤੋਂ ਮੁਕਤ ਨਹੀਂ ਹੈ।

ਇਸ ਲਈ ਹੁਣ ਪਰਮਪਿਤਾ, ਪਰਮਸਿਖਿਅਕ, ਪਰਮ ਸਤਗੁਰੂ ਪਰਮਾਤਮਾ ਸ਼ਿਵ ਕਹਿੰਦੇ ਹਨ, "ਹੇ ਬੱਚੋ! ਤੁਸੀਂ ਸਾਰੇ ਜਨਮ ਜਨਮਾਂਤਰ ਤੋਂ ਮੈਨੂੰ ਪੁਕਾਰਦੇ ਆਏ ਹੋ ਕਿ....'ਹੇ ਪ੍ਰਭੂ ਸਾਨੂੰ ਦੁੱਖ ਅਤੇ ਅਸ਼ਾਂਤੀ ਤੋਂ ਛੁੜਾਉ ਅਤੇ ਸਾਨੂੰ ਮੁਕਤੀਧਾਮ ਅਤੇ ਸਵਰਗ ਵਿਚ ਲੈ ਚਲੋ'। 'ਇਸ ਲਈ ਹੁਣ ਮੈਂ ਤੁਹਾਨੂੰ ਵਾਪਸ ਮੁਕਤੀਧਾਮ ਲੈ ਜਾਣ ਲਈ ਅਤੇ ਇਸ ਸ੍ਰਿਸ਼ਟੀ ਨੂੰ ਪਾਵਨ ਅਥਵਾ ਸਵਰਗ ਬਣਾਉਣ ਆਇਆ ਹਾਂ। ਬੱਚੇ, ਵਰਤਮਾਨ ਜਨਮ ਸਾਰਿਆਂ ਦਾ ਅਖ਼ੀਰਲਾ ਜਨਮ ਹੈ। ਹੁਣ ਤੁਸੀਂ (ਸਤਜੁਗੀ ਪਾਵਨ ਸ੍ਰਿਸ਼ਟੀ) ਬੈਕੁੰਠ ਜਾਣ ਦੀ ਤਿਆਰੀ ਕਰੋ ਅਰਥਾਤ ਪਵਿੱਤਰ ਅਤੇ ਯੋਗ-ਯੁਕਤ ਬਣੋ ਕਿਉਂਕਿ ਹੁਣ ਨਿਕਟ ਭਵਿਖ ਵਿਚ ਸ੍ਰੀ ਕ੍ਰਿਸ਼ਨ (ਸ੍ਰੀ ਨਾਰਾਇਣ) ਦਾ ਰਾਜ ਆਉਣ ਹੀ ਵਾਲਾ ਹੈ ਅਤੇ ਇਸ ਨਾਲ ਇਸ ਕਲਿਜੁਗੀ ਵਿਕਾਰੀ ਸ੍ਰਿਸ਼ਟੀ ਦਾ ਮਹਾਵਿਨਾਸ਼ ਐਟਮ-ਬੰਬਾਂ, ਕੁਦਰਤੀ ਆਪਦਾਵਾਂ ਅਤੇ ਗ੍ਰਹਿ ਯੁੱਧਾਂ ਨਾਲ ਹੋ ਜਾਵੇਗਾ'। ਚਿੱਤਰ ਵਿਚ ਸ੍ਰੀ ਕ੍ਰਿਸ਼ਨ ਨੂੰ 'ਵਿਸ਼ਵ ਦੇ ਗਲੋਬ' ਦੇ ਉਪਰ ਮਧੁਰ ਬਾਂਸਰੀ ਬਜਾਉਂਦੇ ਹੋਏ ਦਿਖਾਇਆ ਗਿਆ ਹੈ ਜਿਸਦਾ ਅਰਥ ਇਹ ਹੈ ਕਿ ਸਾਰੇ ਵਿਸ਼ਵ ਵਿਚ 'ਸ੍ਰੀ ਕ੍ਰਿਸ਼ਨ' (ਸ੍ਰੀ ਨਾਰਾਇਣ) ਦਾ ਦੇਵਤਾ ਧਰਮ ਹੋਵੇਗਾ, ਇਕ ਭਾਸ਼ਾ ਅਤੇ ਇਕ ਮਤ ਹੋਵੇਗੀ ਅਤੇ ਸੰਪੂਰਣ ਖ਼ੁਸ਼ਹਾਲੀ ਅਤੇ ਸੁਖ-ਚੈਨ ਦੀ ਬਾਂਸਰੀ ਬਜੇਗੀ।

ਬਹੁਤ ਸਾਰੇ ਲੋਕਾਂ ਦੀ ਇਹ ਮਾਨਤਾ ਹੈ ਕਿ ਸ੍ਰੀ ਕ੍ਰਿਸ਼ਨ ਦੁਆਪਰ ਜੁਗ ਦੇ ਅਖ਼ੀਰ ਵਿਚ ਆਉਂਦੇ ਹਨ। ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਕ੍ਰਿਸ਼ਨ ਤਾਂ ਸਰਵਗੁਣ ਸੰਪੰਨ, 16 ਕਲ੍ਹਾਂ ਸੰਪੂਰਣ, ਨਿਰਵਿਕਾਰੀ ਅਰਥਾਤ ਪੂਰਣ ਪਵਿੱਤਰ ਸੀ। ਤਦ ਭਲਾ ਉਨ੍ਹਾਂ ਦਾ ਜਨਮ ਦੁਆਪਰ ਜੁਗ ਦੀ ਰਜੋਪ੍ਰਧਾਨ ਅਤੇ ਵਿਕਾਰ-ਭਰੀ ਸ੍ਰਿਸ਼ਟੀ ਵਿਚ ਕਿਵੇਂ ਹੋ ਸਕਦਾ ਹੈ? ਸ੍ਰੀ ਕ੍ਰਿਸ਼ਨ ਦੇ ਦਰਸ਼ਨ ਦੇ ਲਈ ਸੂਰਦਾਸ ਨੇ ਆਪਣੀ ਅਪਵਿੱਤਰ ਦ੍ਰਿਸ਼ਟੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸ੍ਰੀ ਕ੍ਰਿਸ਼ਨ ਦੀ ਭਗਤਨ ਮੀਰਾ ਬਾਈ ਨੇ ਪਵਿੱਤਰ ਰਹਿਣ ਦੇ ਲਈ ਜ਼ਹਿਰ ਦਾ ਪਿਆਲਾ ਪੀਣਾ ਸਵੀਕਾਰ ਕੀਤਾ: ਤਦ ਭਲਾ ਸ੍ਰੀ ਕ੍ਰਿਸ਼ਨ ਦੇਵਤਾ ਅਪਵਿੱਤਰ ਦ੍ਰਿਸ਼ਟੀ-ਵਿਰਤੀ ਵਾਲੀ ਸ੍ਰਿਸ਼ਟੀ ਵਿਚ ਕਿਵੇਂ ਆ ਸਕਦੇ ਹਨ? ਸ੍ਰੀ ਕ੍ਰਿਸ਼ਨ ਤਾਂ ਵਿਆਹ ਤੋਂ ਬਾਅਦ ਸ੍ਰੀ ਨਰਾਇਣ ਕਹਿਲਾਏ ਤਦੇ ਤਾਂ ਸ੍ਰੀ ਨਰਾਇਣ ਦੇ ਬੱਚਪਨ ਦੇ ਕੋਈ ਨਿਸ਼ਾਨ ਨਹੀਂ ਮਿਲਦੇ ਅਤੇ ਸ੍ਰੀ ਕ੍ਰਿਸ਼ਨ ਦੇ ਬਜ਼ੁਰਗੀ ਦੇ ਚਿੱਤਰ ਨਹੀਂ ਮਿਲਦੇ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਅਰਥਾਤ ਸ੍ਰੀ ਨਰਾਇਣ ਸਤਿਜੁਗੀ ਪਾਵਨ ਸ੍ਰਿਸ਼ਟੀ ਦੇ ਸ਼ੁਰੂ ਵਿਚ ਆਏ ਸਨ ਅਤੇ ਹੁਣ ਫੇਰ ਆਉਣ ਵਾਲੇ ਹਨ।


# ਨਿਕਟ ਭਵਿਖ ਵਿਚ ਸ਼੍ਰੀ ਕ੍ਰਿਸ਼ਨ ਆ ਰਹੇ ਹਨ



# ਸ਼੍ਰੀ ਕ੍ਰਿਸ਼ਨ ਦੇਵਤਾ ਅਤੇ ਸ਼ਿਵ ਪਰਮਾਤਮਾ ਹਨ।

## श्री कृष्ण देवता और शिव परमात्मा हैं

## SHRI KRISHNA IS A DEITY & SHIVA IS GOD



# ਸਰਵ-ਸ਼ਾਸਤਰ ਸ਼ਿਰੋਮਣੀ ਸ੍ਰੀਮਦਭਗਵਦ ਗੀਤਾ ਦਾ ਗਿਆਨ-ਦਾਤਾ ਕੌਣ ਹੈ?

ਇਹ ਕਿੰਨੇ ਅਚਰਜ ਦੀ ਗੱਲ ਹੈ ਕਿ ਅੱਜ ਮਨੁੱਖ ਨੂੰ-ਇਹ ਵੀ ਪਤਾ ਨਹੀਂ ਕਿ ਪਰਮਪਿਤਾ ਪਰਮਾਤਮਾ ਸ਼ਿਵ, ਜਿਨ੍ਹਾਂ ਨੂੰ ਗਿਆਨ ਦਾ ਸਾਗਰ ਅਤੇ ਕਲਿਆਣਕਾਰੀ ਮੰਨਿਆ ਜਾਂਦਾ ਹੈ, ਨੇ ਮਨੁੱਖ-ਮਾਤਰ ਦੇ ਕਲਿਆਣ ਲਈ ਜੋ ਗਿਆਨ ਦਿਤਾ, ਉਸ ਦਾ ਸ਼ਾਸਤਰ ਕਿਹੜਾ ਹੈ? ਭਾਰਤ ਵਿਚ ਭਾਵੇਂ ਗੀਤਾ- ਗਿਆਨ ਨੂੰ ਭਗਵਾਨ ਦੁਆਰਾ ਦਿਤਾ ਹੋਇਆ ਮੰਨਿਆ ਜਾਂਦਾ ਹੈ, ਤਾਂ ਵੀ ਅੱਜ ਸਾਰੇ ਲੋਕ ਇਹੋ ਮੰਨਦੇ ਹਨ ਕਿ ਗੀਤਾ-ਗਿਆਨ ਸ੍ਰੀ ਕ੍ਰਿਸ਼ਨ ਨੇ ਦੁਆਪਰਜੁਗ ਦੇ ਅਖ਼ੀਰ ਵਿਚ ਯੁੱਧ ਦੇ ਮੈਦਾਨ ਵਿਚ, ਅਰਜੁਨ ਦੇ ਰਥ ਤੇ ਸਵਾਰ ਹੋ ਕੇ ਦਿਤਾ ਸੀ।

ਚਿੱਤਰ ਵਿਚ ਇਹ ਨਿਰਾਲਾ ਭੇਦ ਦਰਸਾਇਆ ਗਿਆ ਹੈ ਕਿ ਅਸਲ ਵਿਚ ਗੀਤਾ- ਗਿਆਨ ਨਿਰਾਕਾਰ ਪਰਮਪਿਤਾ ਪਰਮਤਾਮਾ ਸ਼ਿਵ ਨੇ ਦਿੱਤਾ ਸੀ ਅਤੇ ਫੇਰ ਗੀਤਾ-ਗਿਆਨ ਨਾਲ ਸਤਜੁਗ ਵਿਚ ਸ੍ਰੀ ਕ੍ਰਿਸ਼ਨ ਦਾ ਜਨਮ ਹੋਇਆ ਸੀ। ਇਸ ਵਾਸਤੇ ਗੋਪੇਸ਼ਵਰ ਪਰਮਾਤਮਾ ਸ਼ਿਵ ਸ੍ਰੀ ਕ੍ਰਿਸ਼ਨ ਦੇ ਵੀ ਪਾਰਲੌਕਿਕ ਪਿਤਾ ਹਨ ਅਤੇ ਗੀਤਾ ਸ੍ਰੀ ਕ੍ਰਿਸ਼ਨ ਦੀ ਵੀ ਮਾਤਾ ਹੈ।

**ਗੀਤਾ-ਗਿਆਨ ਦੁਆਪਰ ਜੁਗ ਵਿਚ ਨਹੀਂ ਦਿਤਾ ਗਿਆ ਸਗੋਂ ਸੰਗਮਜੁਗ ਵਿਚ ਦਿਤਾ ਗਿਆ।**

ਇਹ ਤਾਂ ਸਾਰੇ ਜਾਣਦੇ ਹਨ ਕਿ ਗੀਤਾ-ਗਿਆਨ ਦੇਣ ਦਾ ਉਦੇਸ਼ ਪ੍ਰਿਥਵੀ ਤੇ ਧਰਮ ਦੀ ਦੁਬਾਰਾ ਸਥਾਪਨਾ ਹੀ ਸੀ। ਗੀਤਾ ਦੇ ਭਗਵਾਨ ਨੇ ਸਪਸ਼ਟ ਕਿਹਾ ਹੈ ਕਿ ...."ਮੈਂ ਅਧਰਮ ਦਾ ਵਿਨਾਸ਼ ਅਤੇ ਸਤਧਰਮ ਦੀ ਸਥਾਪਨਾ ਲਈ ਹੀ ਅਵਤਰਿਤ ਹੁੰਦਾ ਹਾਂ।" ਇਸ ਕਰਕੇ ਭਗਵਾਨ ਦੇ ਅਵਤਰਿਤ ਹੋਣ ਅਤੇ ਗੀਤਾ-ਗਿਆਨ ਦੇਣ ਦੇ ਬਾਅਦ ਤਾਂ ਧਰਮ ਦੀ ਅਤੇ ਦੇਵੀ ਸੁਭਾਅ ਵਾਲੇ ਸੰਪਰਦਾਇ ਦੀ ਫੇਰ ਸਥਾਪਨਾ ਹੋਣੀ ਚਾਹੀਦੀ ਹੈ ਪਰੰਤੂ ਸਾਰੇ ਜਾਣਦੇ ਅਤੇ ਮੰਨਦੇ ਹਲ ਕਿ ਦੁਆਪਰ ਜੁਗ ਦੇ ਬਾਅਦ ਤਾਂ ਕਲਿਜੁਗ ਹੀ ਸ਼ੁਰੂ ਹੋਇਆ ਜਿਸ ਵਿਚ ਤਾਂ ਧਰਮ ਦੀ ਬਹੁਤ ਹਾਨੀ ਹੋਈ ਅਤੇ ਮਨੁੱਖਾਂ ਦਾ ਸੁਭਾਅ ਤਮੋਪ੍ਰਧਾਨ ਅਥਵਾ ਆਸੁਰੀ ਹੀ ਹੋਇਆ। ਇਸ ਲਈ ਜਿਹੜੇ ਲੋਕ ਇਹ ਮੰਨਦੇ ਹਨ ਕਿ ਭਗਵਾਨ ਨੇ ਗੀਤਾ-ਗਿਆਨ ਦੁਆਪਰਜੁਗ ਦੇ ਅਖ਼ੀਰ ਵਿਚ ਦਿਤਾ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਗੀਤਾ ਗਿਆਨ ਦੇਣ ਅਤੇ ਭਗਵਾਨ ਦੇ ਅਵਤਰਿਤ ਹੋਣ ਦਾ ਇਹੀ ਨਤੀਜਾ ਹੋਇਆ? ਕੀ ਗੀਤਾ-ਗਿਆਨ ਦੇਣ ਦੇ ਬਾਅਦ ਅਧਰਮ ਦਾ ਜੁਗ ਸ਼ੁਰੂ ਹੋਇਆ? ਸਪਸ਼ਟ ਹੈ ਕਿ ਉਨ੍ਹਾਂ ਦਾ ਵਿਵੇਕ ਇਸ ਪ੍ਰਸ਼ਨ ਦਾ ਉਤਰ 'ਨਾ' ਸ਼ਬਦ ਨਾਲ ਹੀ ਦੇਵੇਗਾ।

ਭਗਵਾਨ ਦੇ ਅਵਤਰਣ ਦੇ ਬਾਅਦ ਕਲਿਜੁਗ ਦਾ ਸ਼ੁਰੂ ਮੰਨਣਾ ਤਾਂ ਭਗਵਾਨ ਦੀ ਗਲਾਨੀ ਕਰਨਾ ਹੈ ਕਿਉਂਕਿ ਭਗਵਾਨ ਦਾ ਠੀਕ ਪਰਿਚਯ ਤਾਂ ਇਹ ਹੈ ਕਿ ਉਹ ਅਵਤਰਿਤ ਹੋ ਕੇ ਪ੍ਰਿਥਵੀ ਨੂੰ ਅਸੁਰਾਂ ਤੋਂ ਖਾਲੀ ਕਰਦੇ ਹਨ ਅਤੇ ਇਥੇ ਧਰਮ ਨੂੰ ਪੂਰਣ ਕਲਾਵਾਂ ਸਹਿਤ ਸਥਾਪਤ ਕਰਕੇ ਅਤੇ ਨਰ ਨੂੰ ਸ੍ਰੀ ਨਰਾਇਣ ਬਣਾ ਕੇ ਮਨੁੱਖ ਦੀ ਸਦਗਤੀ ਕਰਦੇ ਹਨ। ਭਗਵਾਨ ਤਾਂ ਸ੍ਰਿਸ਼ਟੀ ਦੇ 'ਬੀਜਰੂਪ' ਅਤੇ ਸਤਸਰੂਪ ਹਨ; ਇਸ ਲਈ ਇਸ ਧਰਤੀ ਤੇ ਉਨ੍ਹਾਂ ਦੇ ਆਉਣ ਦੇ ਬਾਅਦ ਤਾਂ ਨਵਾਂ ਸ੍ਰਿਸ਼ਟੀ-ਬ੍ਰਿਛ ਅਰਥਾਤ ਨਵੀਂ ਸਤਜੁਗੀ ਦੁਨੀਆਂ ਪ੍ਰਗਟ ਹੁੰਦੀ ਹੈ। ਇਸ ਦੇ ਇਲਾਵਾ ਜੇਕਰ ਦੁਆਪਰ ਦੇ ਅਖ਼ੀਰ ਵਿਚ ਗੀਤਾ-ਗਿਆਨ ਦਿਤਾ ਗਿਆ ਹੁੰਦਾ ਤਾਂ ਕਲਿਜੁਗ ਦੇ ਤਮੋਪ੍ਰਧਾਨ ਸਮੇਂ ਵਿਚ ਤਾਂ ਉਸ ਦੀ ਪ੍ਰਾਲਬਧ ਹੀ ਨਾ ਭੋਗੀ ਜਾ ਸਕਦੀ। ਅੱਜ ਵੀ ਤੁਸੀਂ ਦੇਖਦੇ ਹੋ ਕਿ ਦੀਵਾਲੀ ਦੇ ਦਿਨਾਂ ਵਿਚ ਸ੍ਰੀ ਲਕਸ਼ਮੀ ਦਾ ਆਵ੍ਹਾਨ (ਬੁਲਾਵਾ) ਕਰਨ ਲਈ ਭਾਰਤਵਾਸੀ ਆਪਣੇ ਘਰਾਂ ਨੂੰ ਸਾਫ਼-ਸੁਥਰਾ ਕਰਦੇ ਹਨ ਅਤੇ ਦੀਵੇ ਆਦਿ ਜਲਾਉਂਦੇ ਹਨ। ਇਸ ਤੋਂ ਸਪਸ਼ਟ ਹੈ ਕਿ ਅਪਵਿੱਤਰਤਾ ਅਤੇ ਅੰਧਕਾਰ ਵਾਲੇ ਸਥਾਨ ਤੇ ਤਾਂ ਦੇਵਤਾ ਆਪਣੇ ਚਰਣ ਵੀ ਨਹੀਂ ਰੱਖਦੇ। ਇਸ ਵਾਸਤੇ ਸ੍ਰੀ ਕ੍ਰਿਸ਼ਨ ਦਾ, ਅਰਥਾਤ ਲਕਸ਼ਮੀ ਪਤੀ ਸ੍ਰੀ ਨਰਾਇਣ ਦਾ ਜਨਮ ਦੁਆਪਰ ਵਿਚ ਮੰਨਣਾ ਮਹਾਨ ਭੁੱਲ ਹੈ। ਉਨ੍ਹਾਂ ਦਾ ਜਨਮ ਤਾਂ ਸਤਜੁਗ ਵਿਚ ਹੋਇਆ ਜਦ ਕਿ ਸਾਰੇ ਮਿੱਤਰ-ਸਬੰਧੀ ਅਤੇ ਕੁਦਰਤੀ-ਪਦਾਰਥ ਸਤੋਪ੍ਰਧਾਨ ਅਤੇ ਦਿਵਯ ਸਨ ਅਤੇ ਸਾਰਿਆਂ ਦਾ ਆਤਮਾ-ਰੂਪੀ ਦੀਪਕ ਜਗਿਆ ਹੋਇਆ ਸੀ ਅਤੇ ਸ੍ਰਿਸ਼ਟੀ ਵਿਚ ਕੋਈ ਵੀ ਪਾਪ ਅਤੇ ਕਲੇਸ਼ ਨਹੀਂ ਸੀ।

ਇਸ ਤਰ੍ਹਾਂ, ਉਪਰੋਕਤ ਤੋਂ ਸਪਸ਼ਟ ਹੈ ਕਿ ਨਾ ਤਾਂ ਸ੍ਰੀ ਕ੍ਰਿਸ਼ਨ ਹੀ ਦੁਆਪਰਜੁਗ ਵਿਚ ਹੋਏ ਅਤੇ ਨਾ ਹੀ ਗੀਤਾ-ਗਿਆਨ ਦੁਆਪਰਜੁਗ ਦੇ ਅਖ਼ੀਰ ਵਿਚ ਦਿੱਤਾ ਗਿਆ ਸਗੋਂ ਨਿਰਾਕਾਰ ਪਤਿਤ ਪਾਵਨ ਪਰਮਾਤਮਾ ਸ਼ਿਵ ਨੇ ਕਲਿਜੁਗ ਦੇ ਅਖ਼ੀਰ ਅਤੇ ਸਤਜੁਗ ਦੇ ਆਦਿ ਦੇ ਸੰਗਮ ਸਮੇਂ, ਧਰਮ ਗਲਾਨੀ ਦੇ ਸਮੇਂ, ਬ੍ਰਹਮਾ ਦੇ ਤਨ ਵਿਚ ਦਿਵਯ ਜਨਮ ਲਿਆ ਅਤੇ ਗੀਤਾ-ਗਿਆਨ ਦੇ ਕੇ ਸਤਜੁਗ ਦੀ ਅਤੇ ਸ੍ਰੀ ਕ੍ਰਿਸ਼ਨ (ਸ੍ਰੀ ਨਰਾਇਣ) ਦੇ ਸਵਰਾਜ ਦੀ ਸਥਾਪਨਾ ਕੀਤੀ। ਸ੍ਰੀ ਕ੍ਰਿਸ਼ਨ ਦੇ ਤਾਂ ਆਪਣੇ ਮਾਤਾ-ਪਿਤਾ, ਸਿਖਿਅਕ ਸਨ ਪਰੰਤੂ ਗੀਤਾ-ਗਿਆਨ ਸਰਵ ਆਤਮਾਵਾ ਦੇ ਮਾਤਾ ਪਿਤਾ ਸ਼ਿਵ ਨੇ ਦਿਤਾ।

# ਗੀਤਾ-ਗਿਆਨ ਹਿੰਸਕ ਯੁੱਧ ਕਰਾਉਣ ਦੇ ਲਈ ਨਹੀਂ ਦਿਤਾ ਗਿਆ ਸੀ

ਅੱਜ ਪਰਮਾਤਮਾ ਦੇ ਦਿਵਯ ਜਨਮ ਅਤੇ 'ਰਥ' ਦੇ ਸਰੂਪ ਨੂੰ ਨਾ ਜਾਨਣ ਦੇ ਕਾਰਣ ਲੋਕਾਂ ਦੀ ਇਹ ਮਾਨਤਾ ਪੱਕੀ ਹੋ ਚੁਕੀ ਹੈ ਕਿ ਗੀਤਾ-ਗਿਆਨ ਸ੍ਰੀ ਕ੍ਰਿਸ਼ਨ ਨੇ ਅਰਜੁਨ ਦੇ ਰਥ ਵਿਚ ਸਵਾਰ ਹੋ ਕੇ ਲੜਾਈ ਦੇ ਮੈਦਾਨ ਵਿਚ ਦਿਤਾ। ਤੁਸੀਂ ਹੀ ਸੋਚੋ ਕਿ ਜਦਕਿ ਅਹਿੰਸਾ ਧਰਮ ਦਾ ਪਰਮ ਲੱਛਣ ਮੰਨਿਆ ਗਿਆ ਹੈ ਅਤੇ ਜਦਕਿ ਧਰਮਾਤਮਾ ਅਥਵਾ ਮਹਾਤਮਾ ਲੋਕ ਵੀ ਅਹਿੰਸਾ ਦਾ ਪਾਲਨ ਕਰਦੇ ਅਤੇ ਅਹਿੰਸਾ ਦੀ ਸਿਖਿਆ ਦੇਂਦੇ ਹਨ, ਤਦ ਕੀ ਭਗਵਾਨ ਨੇ ਭਲਾ ਕਿਸੇ ਹਿੰਸਕ ਯੁੱਧ ਲਈ ਕਿਸੇ ਨੂੰ ਸਿਖਿਆ ਦਿਤੀ ਹੋਵੇਗੀ? ਜਦਕਿ ਲੌਕਿਕ ਪਿਤਾ ਵੀ ਆਪਣੇ ਬੱਚਿਆਂ ਨੂੰ ਇਹ ਸਿਖਿਆ ਦੇਂਦਾ ਹੈ ਕਿ ਉਹ ਆਪਸ ਵਿਚ ਨਾ ਲੜਣ ਤਾਂ ਕੀ ਸ੍ਰਿਸ਼ਟੀ ਦੇ ਪਰਮਪਿਤਾ, ਸ਼ਾਂਤੀ ਦੇ ਸਾਗਰ ਪਰਮਾਤਮਾ ਨੇ ਮਨੁੱਖਾਂ ਨੂੰ ਆਪਸ ਵਿਚ ਲੜਾਇਆ ਹੋਵੇਗਾ? ਇਹ ਤਾਂ ਕਦੀ ਵੀ ਨਹੀਂ ਹੋ ਸਕਦਾ। ਭਗਵਾਨ ਤਾਂ ਦੈਵੀ ਸੁਭਾਅ ਵਾਲੇ ਸੰਪਰਦਾਇ ਦੀ ਅਤੇ ਸਰਵੋਤਮ ਧਰਮ ਦੀ ਸਥਾਪਨਾ ਦੇ ਲਈ ਹੀ ਗੀਤਾ-ਗਿਆਨ ਦੇਂਦੇ ਹਨ ਅਤੇ ਉਸ ਦੇ ਨਾਲ ਹੀ ਮਨੁੱਖ ਵੈਰ-ਵਿਰੋਧ, ਹਿੰਸਾ ਅਤੇ ਕ੍ਰੋਧ ਆਦਿ ਤੇ ਜਿੱਤ ਪ੍ਰਾਪਤ ਕਰਦੇ ਹਨ। ਇਸ ਲਈ ਅਸਲੀਅਤ ਤਾਂ ਇਹ ਹੈ ਕਿ ਨਿਰਾਕਾਰ ਪਰਮਪਿਤਾ ਪਰਮਾਤਮਾ ਸ਼ਿਵ ਨੇ ਇਸ ਸ੍ਰਿਸ਼ਟੀ ਰੂਪੀ ਕਰਮਖੇਤਰ, ਧਰਮਖੇਤਰ ਅਥਵਾ ਕੁਰੂਖੇਤਰ ਤੇ, ਪ੍ਰਜਾਪਿਤਾ ਬ੍ਰਹਮਾ (ਅਰਜੁਨ) ਦੇ ਸ਼ਰੀਰ ਰੂਪੀ ਰਥ ਤੇ ਸਵਾਰ ਹੋ ਕੇ ਮਾਇਆ ਅਰਥਾਤ ਵਿਕਾਰਾਂ ਦੇ ਨਾਲ ਹੀ ਯੁੱਧ ਕਰਨ ਦੀ ਸਿਖਿਆ ਦਿਤੀ ਸੀ, ਪਰੰਤੂ ਲੇਖਕ ਨੇ ਬਾਅਦ ਵਿਚ ਅਲੰਕਾਰੀ ਭਾਸ਼ਾ ਵਿਚ ਇਸ ਦਾ ਵਰਣਨ ਕੀਤਾ ਅਤੇ ਚਿੱਤਰਕਾਰਾਂ ਨੇ ਬਾਅਦ ਵਿਚ ਸ਼ਰੀਰ ਨੂੰ ਰਥ ਦੇ ਰੂਪ ਵਿਚ ਛਾਪ ਕੇ ਪ੍ਰਜਾਪਿਤਾ ਬ੍ਰਹਮਾ ਦੀ ਆਤਮਾ ਨੂੰ ਵੀ ਉਸ ਰਥ ਵਿਚ ਇਕ ਮਨੁੱਖ (ਅਰਜੁਨ) ਦੇ ਰੂਪ ਵਿਚ ਛਾਪ ਦਿਤਾ। ਬਾਅਦ ਵਿਚ ਅਸਲੀ ਭੇਦ ਅਕਸਰ ਲੋਪ ਹੋ ਗਿਆ ਅਤੇ ਸਥੂਲ ਅਰਥ ਹੀ ਪ੍ਰਚੱਲਤ ਹੋ ਗਿਆ।

ਸੰਗਮਜੁਗ ਵਿਚ ਭਗਵਾਨ ਸ਼ਿਵ ਨੇ ਜਦ ਪ੍ਰਜਾਪਿਤਾ ਬ੍ਰਹਮਾ ਦੇ ਤਨ ਰੂਪੀ ਰਥ ਵਿਚ ਅਵਤਰਿਤ ਹੋ ਕੇ ਗਿਆਨ ਦਿਤਾ ਅਤੇ ਧਰਮ ਦੀ ਸਥਾਪਨਾ ਕੀਤੀ, ਤਦ ਉਸ ਦੇ ਬਾਅਦ ਕਲਿਜੁਗੀ ਸ੍ਰਿਸ਼ਟੀ ਦਾ ਮਹਾਂਵਿਨਾਸ਼ ਹੋ ਗਿਆ ਅਤੇ ਸਤਜੁਗ ਸਥਾਪਨ ਹੋਇਆ। ਇਸ ਤਰ੍ਹਾਂ ਇਸ ਸਰਵਮਹਾਨ ਪਰਿਵਰਤਨ ਦੇ ਕਾਰਣ ਬਾਅਦ ਵਿਚ ਇਹ ਅਸਲੀ ਭੇਦ ਅਕਸਰ ਲੋਪ ਹੋ ਗਿਆ। ਫੇਰ ਜਦ ਦੁਆਪਰ ਜੁਗ ਵਿਚ ਭਗਤੀ ਕਾਲ ਵਿਚ ਗੀਤਾ ਲਿਖੀ ਗਈ ਤਾਂ ਬਹੁਤ ਪਹਿਲੇ (ਸੰਗਮ ਜੁਗ ਵਿਚ) ਹੋ ਚੁਕੇ ਇਸ ਵਿਰਤਾਂਤ ਦਾ ਜੋ ਰੁਪਾਂਤਰ ਵਿਆਸ ਨੇ ਵਰਤਮਾਨ ਕਾਲ (Present tense) ਦਾ ਪ੍ਰਯੋਗ ਕਰਕੇ ਕੀਤਾ ਤਾਂ ਸਮਾਂ ਬੀਤ ਜਾਣ ਤੇ ਲੋਕਾਂ ਨੇ ਗੀਤਾ-ਗਿਆਨ ਨੂੰ ਵੀ ਵਿਆਸ ਦੇ ਜੀਵਨ-ਕਾਲ ਵਿਚ ਅਰਥਾਤ 'ਦੁਆਪਰ ਜੁਗ' ਵਿਚ ਦਿਤਾ ਗਿਆ ਗਿਆਨ ਮੰਨ ਲਿਆ। ਪਰੰਤੂ ਇਸ ਭੁੱਲ ਨਾਲ ਸੰਸਾਰ ਵਿਚ ਬਹੁਤ ਵੱਡੀ ਹਾਨੀ ਹੋਈ ਹੈ ਕਿਉਂਕਿ ਜੇਕਰ ਲੋਕਾਂ ਨੂੰ ਇਹ ਭੇਦ ਠੀਕ ਤਰੀਕੇ ਨਾਲ ਪਤਾ ਹੁੰਦਾ ਕਿ ਗੀਤਾ-ਗਿਆਨ ਨਿਰਾਕਾਰ ਪਰਮਪਿਤਾ ਪਰਮਾਤਮਾ ਸ਼ਿਵ ਨੇ ਦਿਤਾ ਸੀ ਜੋ ਕਿ ਸ੍ਰੀ ਕ੍ਰਿਸ਼ਨ ਦੇ ਵੀ ਪਾਰਲੌਕਿਕ ਪਿਤਾ ਹਨ ਅਤੇ ਸਾਰੇ ਧਰਮਾਂ ਦੇ ਲੋਕਾਂ ਦੇ ਪਰਮਪੂਜ ਅਤੇ ਸਾਰਿਆਂ ਦੇ ਇਕ-ਮਾਤਰ ਸਦਗਤੀਦਾਤਾ ਅਤੇ ਰਾਜ-ਭਾਗ ਦੇਣ ਵਾਲੇ ਹਨ, ਤਾਂ ਸਾਰੇ ਧਰਮਾਂ ਦੇ ਲੋਕ ਗੀਤਾ ਨੂੰ ਹੀ ਸੰਸਾਰ ਦਾ ਸਰਵੋਤਮ ਸ਼ਾਸਤਰ ਮੰਨਦੇ ਅਤੇ ਉਨ੍ਹਾਂ ਦੇ ਮਹਾਵਾਕਾਂ ਨੂੰ ਪਰਮਪਿਤਾ ਦੇ ਮਹਾਵਕ ਮੰਨ ਕੇ ਉਨ੍ਹਾਂ ਨੂੰ ਬੜੇ ਸਨਮਾਨ ਨਾਲ ਧਾਰਨ ਕਰਦੇ । ਉਹ ਭਾਰਤ ਨੂੰ ਹੀ ਆਪਣਾ ਸਰਵੋਤਮ ਤੀਰਥ ਮੰਨਦੇ ਅਤੇ ਸ਼ਿਵ-ਜਯੰਤੀ ਨੂੰ ਗੀਤਾ-ਜਯੰਤੀ ਅਤੇ ਗੀਤਾ-ਜਯੰਤੀ ਨੂੰ ਸ਼ਿਵ-ਜਯੰਤੀ ਦੇ ਰੂਪ ਵਿਚ ਵੀ ਮਨਾਉਂਦੇ। ਉਹ ਇਕ ਜੋਤੀ ਸਰੂਪ, ਨਿਰਾਕਾਰ ਪਰਮਪਿਤਾ ਪਰਮਾਤਮਾ ਸ਼ਿਵ ਨਾਲ ਹੀ ਯੋਗ ਯੁਕਤ ਹੋ ਕੇ ਪਾਵਨ ਬਣ ਜਾਂਦੇ ਅਤੇ ਉਸ ਕੋਲੋਂ ਸੁਖ-ਸ਼ਾਂਤੀ ਦੀ ਪੂਰਣ ਵਿਰਾਸਤ ਲੈ ਲੈਂਦੇ। ਪਰੰਤੂ ਅੱਜ ਉਪਰੋਕਤ ਗੁਝੇ ਅਤੇ ਸਰਵੋਤਮ ਭੇਦਾਂ ਨੂੰ ਨਾ ਜਾਨਣ ਦੇ ਕਾਰਣ ਅਤੇ ਗੀਤਾ ਮਾਤਾ ਦੇ ਪਤੀ ਨਿਰਾਕਾਰ ਪਰਮਾਤਮਾ ਸ਼ਿਵ ਦੇ ਸਥਾਨ ਤੇ ਗੀਤਾ-ਪੁੱਤਰ ਸ੍ਰੀ ਕ੍ਰਿਸ਼ਨ ਦੇਵਤਾ ਦਾ ਨਾਂ ਲਿਖ ਦੇਣ ਦੇ ਕਾਰਣ ਗੀਤਾ ਦਾ ਹੀ ਖੰਡਨ ਹੋ ਗਿਆ ਹੈ ਅਤੇ ਸੰਸਾਰ ਵਿਚ ਘੋਰ ਅਨਰਥ, ਹਾਹਾਕਾਰ ਅਤੇ ਪਾਪਾਚਾਰ ਹੋ ਗਿਆ ਹੈ ਅਤੇ ਲੋਕ ਇਕ ਨਿਰਾਕਾਰ ਪਰਮਪਿਤਾ ਦੀ ਆਗਿਆ ('ਮਨਮਨਾਭਵ' ਅਰਥਾਤ 'ਇਕ ਮੈਨੂੰ ਹੀ ਯਾਦ ਕਰੋ') ਨੂੰ ਭੁੱਲ ਕੇ ਵਿਭਚਾਰੀ ਬੁੱਧੀ ਵਾਲੇ ਹੋ ਗਏ ਹਨ!! ਅੱਜ ਫੇਰ ਤੋਂ ਉਪਰੋਕਤ ਭੇਦ ਨੂੰ ਜਾਣ ਕੇ ਪਰਮਪਿਤਾ ਪਰਮਾਤਮਾ ਸ਼ਿਵ ਨਾਲ ਯੋਗ-ਯੁਕਤ ਹੋਣ ਨਾਲ ਇਸ ਭਾਰਤ ਵਿਚ ਸ੍ਰੀ ਕ੍ਰਿਸ਼ਨ ਅਥਵਾ ਸ੍ਰੀ ਨਰਾਇਣ ਦਾ ਸੁਖਦਾਈ ਸਵਰਾਜ ਸਥਾਪਨ ਹੋ ਸਕਦਾ ਹੈ ਅਤੇ ਹੋ ਰਿਹਾ ਹੈ।

# ਗੀਤਾ-ਗਿਆਨ ਹਿੰਸਕ ਯੁੱਧ ਕਰਾਉਣ ਦੇ ਲਈ ਨਹੀਂ ਦਿਤਾ ਗਿਆ ਸੀ



# ਜੀਵਨ ਨੂੰ ਕਮਲ-ਫੁੱਲ ਸਮਾਨ ਕਿਵੇਂ ਬਣਾਈਏ ?



# ਜੀਵਨ ਨੂੰ ਕਮਲ-ਫੁੱਲ ਸਮਾਨ ਕਿਵੇਂ ਬਣਾਈਏ ?

ਪਿਆਰ ਅਤੇ ਦੋਸਤੀ ਦੀ ਕਮੀ ਦੇ ਕਾਰਣ ਅੱਜ ਮਨੁੱਖ ਨੂੰ ਘਰ ਵਿਚ ਘਰ-ਜਿਹਾ ਅਨੁਭਵ ਨਹੀਂ ਹੁੰਦਾ। ਇਕ ਮਾਮੂਲੀ ਕਾਰਣ ਨਾਲ ਘਰ ਦਾ ਪੂਰਾ ਵਾਤਾਵਰਣ ਵਿਗੜ ਜਾਂਦਾ ਹੈ। ਮਨੁੱਖ ਦੀ ਵਫਾਦਾਰੀ ਅਤੇ ਇਮਾਨਦਾਰੀ ਵੀ ਹੁਣ ਟਿਕਾਉ ਅਤੇ ਪੱਕੀ ਨਹੀਂ ਰਹੀ ਹੈ। ਨੈਤਿਕ ਮੁੱਲ ਆਪਣੀ ਪੱਧਰ ਤੋਂ ਕਾਫੀ ਗਿਰ ਚੁਕੇ ਹਨ। ਦਫਤਰ ਹੋਵੇ ਜਾਂ ਵਪਾਰ, ਘਰ ਹੋਵੇ ਜਾਂ ਰਸੋਈ ਹੁਣ ਹਰ ਜਗ੍ਹਾਂ ਆਪਸੀ ਸੰਬੰਧਾਂ ਨੂੰ ਸੁਧਾਰਨ, ਖੁਦ ਨੂੰ ਉਸ ਵਿਚ ਢਾਲਣ ਅਤੇ ਮਿਲ ਜੁਲ ਕੇ ਚੱਲਣ ਦੀ ਜ਼ਰੂਰਤ ਹੈ। ਆਪਣੀ ਸਥਿਤੀ ਨੂੰ ਨਿਰਦੋਸ਼ ਅਤੇ ਸੰਤੁਲਿਤ ਬਣਾਉਣ ਲਈ ਹਰ ਮਾਨਵ ਨੂੰ ਅੱਜ ਬਹੁਤ ਮਨੋਬਲ ਇੱਕਠਾ ਕਰਨ ਦੀ ਜ਼ਰੂਰਤ ਹੈ। ਇਸ ਲਈ ਯੋਗ ਬਹੁਤ ਸਹਾਇਕ ਹੋ ਸਕਦਾ ਹੈ।

ਇਕ ਬ੍ਰਹਮਾਕੁਮਾਰ ਦੂਜਿਆਂ ਨੂੰ ਵੀ ਸ਼ਾਂਤੀ ਦਾ ਮਾਰਗ ਦਰਸਾਉਣਾ ਇਕ ਸੇਵਾ ਅਥਵਾ ਆਪਣਾ ਕਰਤੱਵ ਸਮਝਦਾ ਹੈ। ਬ੍ਰਹਮਾਕੁਮਾਰ ਜਨ-ਜਨ ਨੂੰ ਇਹ ਗਿਆਨ ਦੇ ਰਿਹਾ ਹੈ ਕਿ ਸ਼ਾਂਤੀ, ਪਵਿੱਤਰ ਜੀਵਨ ਦਾ ਹੀ ਇਕ ਫਲ ਹੈ ਅਤੇ ਪਵਿੱਤਰਤਾ ਅਤੇ ਸ਼ਾਂਤੀ ਲਈ ਪਰਮਪਿਤਾ ਪਰਮਾਤਮਾ ਦਾ ਪਰਿਚਯ ਅਤੇ ਉਸ ਦੇ ਨਾਲ ਮਨ ਦਾ ਨਾਤਾ ਜੋੜਨਾ ਜ਼ਰੂਰੀ ਹੈ। ਇਸ ਲਈ ਉਹ ਉਨ੍ਹਾਂ ਨੂੰ ਰਾਜਯੋਗ ਕੇਂਦਰ ਅਥਵਾ ਈਸ਼ਵਰੀ ਮਨਨ-ਚਿੰਤਨ ਕੇਂਦਰ ਤੇ ਪਧਾਰਨ ਲਈ ਸੱਦਾ ਦਿੰਦਾ ਹੈ, ਜਿਥੇ ਉਨ੍ਹਾਂ ਨੂੰ ਇਹ ਜ਼ਰੂਰੀ ਗਿਆਨ ਦਿਤਾ ਜਾਂਦਾ ਹੈ ਕਿ ਰਾਜਯੋਗ ਦਾ ਅਭਿਆਸ ਕਿਵੇਂ ਕਰੀਏ ਅਤੇ ਜੀਵਨ ਨੂੰ ਕਮਲ-ਫੁੱਲ ਦੇ ਸਮਾਨ ਕਿਵੇਂ ਬਣਾਈਏ। ਇਸ ਗਿਆਨ ਅਤੇ ਯੋਗ ਨੂੰ ਸਮਝਣ ਦਾ ਨਤੀਜਾ ਇਹ ਹੁੰਦਾ ਹੈ ਕਿ ਕੋਈ ਦਫ਼ਤਰ ਵਿਚ ਕੰਮ ਕਰ ਰਿਹਾ ਹੋਵੇ ਜਾਂ ਰਸੋਈ ਦੇ ਕੰਮ ਵਿਚ ਰੁਝਿਆ ਹੋਵੇ, ਤਾਂ ਵੀ ਮਨੁੱਖ ਸ਼ਾਂਤੀ ਦੇ ਸਾਗਰ ਪਰਮਾਤਮਾ ਦੇ ਨਾਲ ਖ਼ੁਦ ਦਾ ਸੰਬਧ ਸਥਾਪਤ ਕਰ ਸਕਦਾ ਹੈ। ਇਸ ਸਾਰੇ ਦਾ ਸ਼੍ਰੇਸ਼ਟ ਨਤੀਜਾ ਇਹ ਹੁੰਦਾ ਹੈ ਕਿ ਸਾਰਾ ਪਰਿਵਾਰ ਪਿਆਰ ਅਤੇ ਸ਼ਾਂਤੀ ਦੇ ਸੂਤਰ ਵਿਚ ਪਿਰੋਇਆ ਜਾਂਦਾ ਹੈ, ਉਹ ਸਾਰੇ ਵਾਤਾਵਰਣ ਵਿਚ ਆਨੰਦ ਅਤੇ ਸ਼ਾਂਤੀ ਦਾ ਅਨੁਭਵ ਕਰਦੇ ਹਨ ਅਤੇ ਹੁਣ ਉਹ ਪਰਿਵਾਰ ਇਕ ਨਿਯਮੀ ਅਤੇ ਸੰਗਠਤ ਪਰਿਵਾਰ ਬਣ ਜਾਂਦਾ ਹੈਂ।

ਦਿਵਯ ਗਿਆਨ ਦੁਆਰਾ ਮਨੁੱਖ ਵਿਕਾਰ ਛੱਡ ਦੇਂਦਾ ਹੈ ਅਤੇ ਗੁਣ ਧਾਰਣ ਕਰ ਲੈਂਦਾ ਹੈ। ਇਸ ਦੇ ਲਈ ਜਿਸ ਮਨੋਬਲ ਦੀ ਜ਼ਰੂਰਤ ਹੈ ਉਹ ਮਨੁੱਖ ਨੂੰ ਯੋਗ ਰਾਹੀਂ ਮਿਲਦਾ ਹੈ। ਇਸ ਪ੍ਰਕਾਰ, ਮਨੁੱਖ ਆਪਣੇ ਜੀਵਨ ਨੂੰ ਕਮਲ ਫੁੱਲ ਦੇ ਸਮਾਨ ਬਣਾਉਣ ਦੇ ਯੋਗ ਹੋ ਜਾਂਦਾ ਹੈ।

ਕਮਲ ਦੀ ਇਹ ਵਿਸ਼ੇਸਤਾ ਹੈ ਕਿ ਉਹ ਜਲ ਵਿਚ ਰਹਿੰਦੇ ਹੋਏ ਵੀ ਜਲ ਤੋਂ ਨਿਆਰਾ ਹੋ ਕੇ ਰਹਿੰਦਾ ਹੈ। ਹਾਲਾਂਕਿ ਕਮਲ ਦੇ ਦੂਜੇ ਸੰਬੰਧੀ, ਜਿਵੇਂ ਕਿ ਕਮਲ-ਕਕੜੀ, ਕਮਲ-ਡੋਡਾ ਆਦਿ ਹਨ, ਪਰੰਤੂ ਫੇਰ ਵੀ ਕਮਲ ਉਨ੍ਹਾਂ ਸਾਰਿਆਂ ਤੋਂ ਉਪਰ ਉਠ ਕੇ ਰਹਿੰਦਾ ਹੈ; ਇਸੇ ਤਰ੍ਹਾਂ ਸਾਨੂੰ ਵੀ ਆਪਣੇ ਸੰਬੰਧੀਆਂ ਅਤੇ ਮਿੱਤਰਾਂ ਦੇ ਵਿਚ ਰਹਿੰਦੇ ਹੋਏ ਵੀ ਉਨ੍ਹਾਂ ਤੋਂ ਨਿਆਰਾ, ਅਰਥਾਤ ਮੋਹਜਿੱਤ ਹੋ ਕੇ ਰਹਿਣਾ ਚਾਹੀਦਾ ਹੈ।

ਤੁਸੀਂ ਜਾਣਦੇ ਹੋ ਕਿ ਜੇਕਰ ਕਿਸ਼ਤੀ ਪਾਣੀ ਵਿਚ, ਅਰਥਾਤ ਪਾਣੀ ਤੋਂ ਉੱਪਰ ਰਹੇ ਤਾਂ ਉਹ ਵੀ ਤੈਰਦੀ ਰਹਿੰਦੀ ਹੈ ਅਤੇ ਸਵਾਰੀਆਂ ਨੂੰ ਵੀ ਪਾਰ ਲਗਾ ਦੇਂਦੀ ਹੈ ਅਤੇ ਜੇਕਰ ਪਾਣੀ ਕਿਸ਼ਤੀ ਵਿਚ ਆ ਜਾਵੇ ਤਾਂ ਉਹ ਖ਼ੁਦ ਵੀ ਡੁੱਬ ਜਾਂਦੀ ਹੈ। ਠੀਕ ਇਸੇ ਤਰ੍ਹਾਂ, ਜੇਕਰ ਮਨੁੱਖ ਦੇ ਮਨ ਵਿਚ ਸੰਸਾਰ ਸਾਗਰ ਦਾ ਮੋਹ ਆ ਜਾਵੇ ਤਾਂ ਉਹ ਡੁਬ ਜਾਂਦਾ ਹੈ ਅਤੇ ਜੇਕਰ ਉਹ ਸੰਸਾਰ ਵਿਚ ਰਹੇ ਪਰੰਤੂ ਉਸਦੇ ਮਨ ਵਿਚ ਸੰਸਾਰ (ਮੋਹ ਦੇ ਰੂਪ ਵਿਚ) ਨਾ ਹੋਵੇ ਤਾਂ ਉਹ ਇਸ ਵਿਸ਼ੇ-ਸਾਗਰ ਤੋਂ ਪਾਰ ਹੋ ਜਾਂਦਾ ਹੈ।

ਕੁਝ ਲੋਕ ਕਹਿੰਦੇ ਹਨ ਕਿ ਗ੍ਰਹਿਸਥ ਵਿਚ ਇਵੇਂ ਹੋਣਾ ਅਸੰਭਵ ਹੈ। ਪਰੰਤੂ ਅਸੀਂ ਦੇਖਦੇ ਹਾਂ ਕਿ ਹਸਪਤਾਲ ਵਿਚ ਨਰਸ ਅਨੇਕ ਬੱਚਿਆਂ ਨੂੰ ਸੰਭਾਲਦੇ ਹੋਏ ਵੀ ਉਨ੍ਹਾਂ ਵਿਚ ਮੋਹ-ਰਹਿਤ ਹੁੰਦੀ ਹੈ। ਇਸ ਤਰ੍ਹਾਂ ਹੀ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਸਾਰਿਆਂ ਨੂੰ ਪਰਮਪਿਤਾ ਪਰਮਾਤਮਾ ਦੇ ਬੱਚੇ ਮੰਨ ਕੇ ਨਿਆਸੀ (Trustee) ਹੋ ਕੇ ਉਨ੍ਹਾਂ ਨਾਲ ਵਿਹਾਰ ਕਰੀਏ। ਇਕ ਜੱਜ ਵੀ ਖ਼ੁਸ਼ੀ ਜਾਂ ਗਮੀ ਦੇ ਫੈਸਲੇ ਸੁਣਾਉਂਦਾ ਹੈ ਪਰੰਤੂ ਉਹ ਖ਼ੁਦ ਉਨ੍ਹਾਂ ਦੇ ਅਸਰ ਥੱਲੇ ਨਹੀਂ ਹੁੰਦਾ। ਇਵੇਂ ਹੀ ਅਸੀਂ ਵੀ ਦੁਖ-ਸੁਖ ਦੀ ਅਵਸਥਾ ਵਿਚ ਸਾਖ਼ੀ ਹੋ ਕੇ ਰਹੀਏ: ਇਸ ਦੇ ਲਈ ਸਾਨੂੰ ਸਹਿਜ ਰਾਜਯੋਗ ਸਿੱਖਣ ਦੀ ਜ਼ਰੂਰਤ ਹੈ।

# ਰਾਜਯੋਗ ਦਾ ਆਧਾਰ ਤੇ ਵਿਧੀ

ਸੰਪੂਰਣ ਸਥਿਤੀ ਨੂੰ ਪ੍ਰਾਪਤ ਕਰਨ ਲਈ ਅਤੇ ਜਲਦੀ ਹੀ ਅਧਿਆਤਮਿਕਤਾ ਵਿਚ ਉੱਨਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਰਾਜਯੋਗ ਦੇ ਨਿਰੰਤਰ ਅਭਿਆਸ ਦੀ ਜ਼ਰੂਰਤ ਹੈ, ਅਰਥਾਤ ਚਲਦੇ-ਫਿਰਦੇ ਅਤੇ ਕਾਰਜ-ਵਿਹਾਰ ਕਰਦੇ ਹੋਏ ਵੀ ਪਰਮਾਤਮਾ ਦੀ ਸਿਮਰਤੀ ਵਿਚ ਰਹਿਣ ਦੀ ਜ਼ਰੂਰਤ ਹੈ।

ਭਾਵੇਂ ਨਿਰੰਤਰ ਯੋਗ ਦੇ ਬਹੁਤ ਲਾਭ ਹਨ ਅਤੇ ਨਿਰੰਤਰ ਯੋਗ ਦੁਆਰਾ ਹੀ ਮਨੁੱਖ ਸਰਵੋਤਮ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ ਫੇਰ ਵੀ ਵਿਸ਼ੇਸ਼ ਰੂਪ ਨਾਲ ਯੋਗ ਵਿਚ ਬੈਠਣਾ ਅਤੀ ਜ਼ਰੂਰੀ ਹੈ। ਇਸ ਲਈ ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਪਰਮਾਤਮਾ ਨੂੰ ਯਾਦ ਕਰਦੇ ਸਮੇਂ ਸਾਨੂੰ ਆਪਣੀ ਬੁੱਧੀ ਸਭ ਪਾਸਿਓਂ ਹਟਾ ਕੇ ਇਕ ਜੋਤੀ ਬਿੰਦੂ ਪਰਮਾਤਮਾ ਸ਼ਿਵ ਨਾਲ ਜੁਟਾਣੀ ਚਾਹੀਦੀ ਹੈ। ਮਨ ਚੰਚਲ ਹੋਣ ਦੇ ਕਾਰਣ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਅਥਵਾ ਸ਼ਾਸਤਰ ਅਤੇ ਗੁਰੂਆਂ ਵਲ ਦੌੜਦਾ ਹੈ। ਲੇਕਿਨ ਅਭਿਆਸ ਦੁਆਰਾ ਸਾਨੂੰ ਇਸ ਨੂੰ ਇਕ ਪਰਮਾਤਮਾ ਦੀ ਯਾਦ ਵਿਚ ਹੀ ਸਥਿਤ ਕਰਨਾ ਹੈ। ਇਸ ਤਰ੍ਹਾਂ, ਦੇਹ-ਸਹਿਤ, ਦੇਹ ਦੇ ਸਰਵ ਸੰਬੰਧਾਂ ਨੂੰ ਭੁੱਲ ਕੇ ਆਤਮ-ਸਰੂਪ ਵਿਚ ਸਥਿਤ ਹੋ ਕੇ, ਬੁੱਧੀ ਵਿਚ ਜੋਤੀ ਬਿੰਦੂ ਪਰਮਾਤਮਾ ਸ਼ਿਵ ਦੀ ਪਿਆਰ-ਭਰੀ ਸਿਮਰਤੀ ਵਿਚ ਰਹਿਣਾ ਹੀ ਅਸਲੀ ਯੋਗ ਹੈ ਜਿਵੇਂ ਕਿ ਚਿੱਤਰ ਵਿਚ ਦਿਖਾਇਆ ਗਿਆ ਹੈ।

ਕੋਈ ਮਨੁੱਖ ਯੋਗ ਨੂੰ ਬਹੁਤ ਮੁਸ਼ਕਲ ਸਮਝਦੇ ਹਨ। ਉਹ ਕਈ ਪ੍ਰਕਾਰ ਦੀਆਂ ਹੱਠ ਕਿਰਿਆਵਾਂ ਤਪ ਅਥਵਾ ਪ੍ਰਾਣਾਯਾਮ ਕਰਦੇ ਰਹਿੰਦੇ ਹਨ ਲੇਕਿਨ ਵਾਸਤਸਵ ਵਿਚ 'ਯੋਗ' ਅਤੇ ਸਹਿਜ ਹੈ। ਜਿਵੇਂ ਕਿ ਇਕ ਬੱਚੇ ਨੂੰ ਆਪਣੇ ਦੇਹਧਾਰੀ ਪਿਤਾ ਦੀ ਸਹਿਜ ਅਤੇ ਕੁਦਰਤੀ ਹੀ ਯਾਦ ਰਹਿੰਦੀ ਹੈ ਤਿਵੇਂ ਹੀ ਆਤਮਾ ਨੂੰ ਆਪਣੇ ਪਿਤਾ ਪਰਮਾਤਮਾ ਦੀ ਯਾਦ ਕੁਦਰਤੀ ਅਤੇ ਸਹਿਜ ਹੋਣੀ ਚਾਹੀਦੀ ਹੈ। ਇਸ ਅਭਿਆਸ ਲਈ ਇਹ ਸੋਚਣਾ ਚਾਹੀਦਾ ਹੈ ਕਿ.... " ਮੈਂ ਇਕ ਆਤਮਾ ਹਾਂ, ਮੈਂ ਜੋਤੀ-ਬਿੰਦੂ ਹਾਂ ਅਤੇ ਜੋਤੀ-ਬਿੰਦੂ ਪਰਮਾਤਮਾ ਸ਼ਿਵ ਦੀ ਅਵਿਨਾਸ਼ੀ ਸੰਤਾਨ ਹਾਂ ਜੋ ਪਰਮਪਿਤਾ ਬ੍ਰਹਮ ਲੋਕ ਦੇ ਵਾਸੀ ਹਨ, ਸ਼ਾਤੀ ਦੇ ਸਾਗਰ, ਆਨੰਦ ਦੇ ਸਾਗਰ, ਪ੍ਰੇਮ ਦੇ ਸਾਗਰ ਅਤੇ ਸਰਵ-ਸ਼ਕਤੀਮਾਨ ਹਨ.... "। ਇਸ ਤਰ੍ਹਾਂ ਮਨਨ ਕਰਦੇ ਹੋਏ ਮਨ ਨੂੰ ਬ੍ਰਹਮਲੋਕ ਵਿਚ ਪਰਮਪਿਤਾ ਪਰਮਾਤਮਾ ਸ਼ਿਵ ਤੇ ਸਥਿਤ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਦੇ ਦਿਵਯ-ਗੁਣਾਂ ਅਤੇ ਕਰਤੱਵਾਂ ਦਾ ਧਿਆਨ ਕਰਨਾ ਚਾਹੀਦਾ ਹੈ।


ਜਦੋਂ ਮਨ ਇਸ ਪ੍ਰਕਾਰ ਦੀ ਸਿਮਰਤੀ ਵਿਚ ਸਥਿਤ ਹੋਵੇਗਾ ਤਦ ਸੰਸਾਰਕ ਸੰਬੰਧਾਂ ਅਥਵਾ ਚੀਜ਼ਾਂ ਦਾ ਆਕਰਸ਼ਣ ਮਹਿਸੂਸ ਨਹੀਂ ਹੋਵੇਗਾ। ਜਿੰਨਾਂ ਹੀ ਪਰਮਾਤਮਾ ਦੁਆਰਾ ਸਿਖਾਏ ਗਏ ਗਿਆਨ ਵਿਚ ਨਿਸ਼ਚੇ ਹੋਵੇਗਾ, ਉਤਨਾ ਹੀ ਸੰਸਾਰਕ ਵਿਚਾਰ ਅਤੇ ਲੌਕਿਕ ਸੰਬੰਧੀਆਂ ਦੀ ਯਾਦ ਮਨ ਵਿਚ ਨਹੀਂ ਆਵੇਗੀ ਅਤੇ ਉਤਨਾ ਹੀ ਆਪਣੇ ਸਰੂਪ ਦਾ ਅਤੇ ਪਰਮਪਿਆਰੇ ਪਰਮਾਤਮਾ ਦੇ ਗੁਣਾਂ ਦਾ ਅਨੁਭਵ ਹੋਵੇਗਾ।

ਅੱਜ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਸਾਡਾ ਮਨ ਪਰਮਾਤਮਾ ਦੀ ਸਿਮਰਤੀ ਵਿਚ ਨਹੀਂ ਟਿਕਦਾ ਅਥਵਾ ਸਾਡਾ ਯੋਗ ਨਹੀਂ ਲਗਦਾ। ਇਸ ਦਾ ਕਾਰਣ ਤਾਂ ਇਹ ਹੈ ਕਿ ਉਹ ਆਤਮ-ਨਿਸ਼ਚੇ ਵਿਚ ਨਹੀਂ ਹੁੰਦੇ। ਤੁਸੀਂ ਜਾਣਦੇ ਹੋ ਕਿ ਜਦ ਬਿਜਲੀ ਦੀਆਂ ਦੋ ਤਾਰਾਂ ਨੂੰ ਜੋੜਨਾ ਹੁੰਦਾ ਹੈ ਤਦ ਉਨ੍ਹਾਂ ਦੇ ਉਪਰ ਦੇ ਰੱਬੜ ਨੂੰ ਹਟਾਉਣਾ ਪੈਂਦਾ ਹੈ, ਤਦੇ ਹੀ ਉਸ ਵਿਚ ਕਰੰਟ ਆਉਂਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਨਿਜ ਦੇਹ ਦੇ ਭਾਨ ਵਿਚ ਹੋਵੇਗਾ ਅਥਵਾ ਕਿਸੇ ਦੇਹਧਾਰੀ ਮਨੁੱਖ ਜਾਂ ਦੇਵਤਾ ਦੀ ਸਿਮਰਤੀ ਵਿਚ ਹੋਵੇਗਾ ਤਾਂ ਉਸ ਨੂੰ ਅਵਿਅੱਕਤ ਮਹਿਸੂਸਤਾ ਨਹੀਂ ਹੋਵੇਗੀ, ਉਸ ਦੇ ਵੀ ਮਨ ਦੀ ਤਾਰ ਪਰਮਾਤਮਾ ਨਾਲ ਨਹੀਂ ਜੁਟ ਸਕਦੀ।


ਦੂਜੀ ਗੱਲ ਇਹ ਹੈ ਕਿ ਉਹ ਤਾਂ ਪਰਮਾਤਮਾ ਨੂੰ ਨਾਂ-ਰੂਪ ਤੋਂ ਨਿਆਰਾ ਤੇ ਸਰਵਵਿਆਪਕ ਮੰਨਦੇ ਹਨ; ਇਸ ਲਈ ਉਹ ਮਨ ਨੂੰ ਕੋਈ ਠਿਕਾਨਾ ਨਹੀਂ ਦੇ ਸਕਦੇ। ਪਰੰਤੂ ਹੁਣ ਤਾਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪਰਮਾਤਮਾ ਦਾ ਦਿਵਯ ਨਾਂ ਸ਼ਿਵ, ਦਿਵਯ-ਰੂਪ ਜੋਤੀ-ਬਿੰਦੂ ਅਤੇ ਦਿਵਯਧਾਮ ਪਰਮਧਾਮ ਅਥਵਾ ਬ੍ਰਹਮ ਲੋਕ ਹੈ । ਇਸ ਵਾਸਤੇ ਉਥੇ ਮਨ ਨੂੰ ਟਿਕਾਇਆ ਜਾ ਸਕਦਾ ਹੈ।

ਤੀਜੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਪਰਮਾਤਮਾ ਦੇ ਨਾਲ ਆਪਣੇ ਪੱਕੇ ਸੰਬੰਧ ਦਾ ਵੀ ਪਰਿਚਯ ਨਹੀਂ ਹੈ; ਇਸੇ ਕਾਰਣ ਪਰਮਾਤਮਾ ਦੇ ਪ੍ਰਤੀ ਉਨ੍ਹਾਂ ਦੇ ਮਨ ਵਿਚ ਨਜ਼ਦੀਕੀ ਅਤੇ ਗੂਹੜਾ ਪਿਆਰ ਨਹੀਂ। ਹੁਣ ਇਹ ਗਿਆਨ ਹੋ ਜਾਣ ਤੇ ਸਾਨੂੰ ਬ੍ਰਹਮਲੋਕ ਦੇ ਵਾਸੀ ਪਰਮਪਿਆਰੇ ਪਰਮਪਿਤਾ ਸ਼ਿਵ ਜੋਤੀ-ਬਿੰਦੂ ਦੀ ਸਿਮਰਤੀ ਵਿਚ ਸਥਿਤ ਹੋਣਾ ਚਾਹੀਦਾ ਹੈ।

# ਰਾਜਯੋਗ ਦਾ ਅਧਾਰ ਤੇ ਵਿਧੀ



# ਰਾਜਯੋਗ ਦੇ ਥੰਮ੍ਹ ਅਥਵਾ ਨਿਯਮ



# ਰਾਜਯੋਗ ਦੇ ਥੰਮ੍ਹ ਅਥਵਾ ਨਿਯਮ

ਵਾਸਤਵ ਵਿਚ 'ਯੋਗ' ਦਾ ਅਰਥ-ਗਿਆਨ ਦੇ ਸਾਗਰ, ਸ਼ਾਂਤੀ ਦੇ ਸਾਗਰ, ਅਨੰਦ ਦੇ ਸਾਗਰ, ਸਰਵਸ਼ਕਤੀਮਾਨ, ਪਤਿਤ-ਪਾਵਨ ਪਰਮਾਤਮਾ ਸ਼ਿਵ ਦੇ ਨਾਲ ਆਤਮਾ ਦਾ ਸੰਬੰਧ ਜੋੜਨਾ ਹੈ ਤਾਂ ਕਿ ਆਤਮਾ ਨੂੰ ਵੀ ਸ਼ਾਂਤੀ, ਆਨੰਦ, ਪ੍ਰੇਮ, ਪਵਿੱਤਰਤਾ, ਸ਼ਕਤੀ ਅਤੇ ਦਿਵਯ-ਗੁਣਾਂ ਦੀ ਵਿਰਾਸਤ ਪ੍ਰਾਪਤ ਹੋਵੇ।

ਯੋਗ ਦੇ ਅਭਿਆਸ ਲਈ ਸਾਨੂੰ ਆਚਰਣ ਸੰਬੰਧੀ ਕੁਝ ਨਿਯਮਾਂ ਦਾ ਅਥਵਾ ਦਿਵਯ ਅਨੁਸ਼ਾਸਨ ਦਾ ਪਾਲਨ ਕਰਨਾ ਹੁੰਦਾ ਹੈ ਕਿਉਂਕਿ ਯੋਗ ਦਾ ਮਨੋਰਥ ਮਨ ਨੂੰ ਸ਼ੁੱਧ ਕਰਨਾ, ਦ੍ਰਿਸ਼ਟੀਕੋਣ ਵਿਚ ਪਰਿਵਤਰਨ ਲਿਆਉਣਾ ਅਤੇ ਮਨੁੱਖ ਦੇ ਚਿਤ ਨੂੰ ਸਦਾ ਖੁਸ਼ ਰੱਖਣਾ ਹੈ। ਦੂਜੇ ਸ਼ਬਦਾਂ ਵਿਚ ਯੋਗ ਦੀ ਉੱਚੀ ਸਥਿਤੀ ਕਿਸੇ ਥੰਮ੍ਹਾਂ ਤੇ ਟਿਕੀ ਹੁੰਦੀ ਹੈ।

ਇਨ੍ਹਾਂ ਵਿਚੋਂ ਇਕ ਹੈ-ਬ੍ਰਹਮਚਰਿਆ ਜਾਂ ਪਵਿੱਤਰਤਾ। ਯੋਗੀ ਸ਼ਰੀਰਕ ਸੁੰਦਰਤਾ ਜਾਂ ਵਾਸਨਾ-ਭੋਗ ਵਲ ਆਕਰਸ਼ਤ ਨਹੀਂ ਹੁੰਦਾ ਕਿਉਂਕਿ ਉਸਦਾ ਦ੍ਰਿਸ਼ਟੀਕੋਣ ਬਦਲ ਚੁਕਾ ਹੁੰਦਾ ਹੈ। ਉਹ ਆਤਮਾ ਦੀ ਸੁੰਦਰਤਾ ਨੂੰ ਹੀ ਪੂਰਣ ਮਹੱਤਵ ਦਿੰਦਾ ਹੈ। ਉਸਦਾ ਜੀਵਨ 'ਬ੍ਰਹਮਚਰਿਆ' ਸ਼ਬਦ ਦੇ ਵਾਸਤਵਿਕ ਅਰਥ ਵਿਚ ਢਲਿਆ ਹੁੰਦਾ ਹੈ। ਅਰਥਾਤ ਉਸਦਾ ਮਨ ਬ੍ਰਹਮ ਵਿਚ ਸਥਿਤ ਹੁੰਦਾ ਹੈ ਅਤੇ ਉਹ ਦੇਹ ਦੀ ਬਜਾਏ ਵਿਦੇਹੀ (ਆਤਮਭਿਮਾਨੀ) ਅਵਸਥਾ ਵਿਚ ਰਹਿੰਦਾ ਹੈ। ਇਸ ਲਈ ਉਹ ਸਾਰਿਆਂ ਨੂੰ ਭਾਈ-ਭਾਈ ਦੇ ਰੂਪ ਵਿਚ ਦੇਖਦਾ ਹੈ ਅਤੇ ਆਤਮਕ ਪ੍ਰੇਮ ਤੇ ਸੰਬੰਧ ਦਾ ਹੀ ਆਨੰਦ ਲੈਂਦਾ ਹੈ। ਇਕ ਆਤਮਕ ਸਿਮਰਤੀ ਅਤੇ ਬ੍ਰਹਮਚਰਿਆ ਉਸ ਨੂੰ ਬਹੁਤ ਹੀ ਮਹਾਨ ਸ਼ਰੀਰਕ ਸ਼ਕਤੀ, ਕਾਰਜ-ਯੋਗਤਾ, ਨੈਤਿਕ ਬਲ ਅਤੇ ਆਤਮਕ ਸ਼ਕਤੀ ਦੇਂਦੇ ਹਨ। ਇਹ ਉਸ ਦੇ ਮਨੋਬਲ ਨੂੰ ਵਧਾਉਂਦੇ ਹਨ ਅਤੇ ਉਸ ਨੂੰ ਨਿਰਣਾ-ਸ਼ਕਤੀ, ਮਾਨਸਿਕ ਸੰਤੁਲਨ ਅਤੇ ਕੁਸ਼ਲਤਾ ਦੇ ਦੇ ਹਨ।

ਦੂਜਾ ਮਹੱਤਵਪੂਰਣ ਥੰਮ੍ਹ ਹੈ- ਸਾਤਵਿਕ ਅਹਾਰ। ਮਨੁੱਖ ਜਿਹੜਾ ਆਹਾਰ ਕਰਦਾ ਹੈ ਉਸ ਦਾ ਉਸਦੇ ਦਿਮਾਗ ਤੇ ਗੰਭੀਰ ਅਸਰ ਪੈਂਦਾ ਹੈ। ਇਸ ਲਈ, ਯੋਗੀ ਮਾਸ, ਅੰਡੇ, ਨਸ਼ੀਲੀ ਚੀਜ਼ਾਂ ਜਾਂ ਤੰਬਾਕੂ ਆਦਿ ਨਹੀਂ ਲੇਂਦਾ। ਆਪਣਾ ਪੇਟ ਪਾਲਨ ਲਈ ਉਹ ਦੂਜੇ ਜੀਵਾਂ ਦੀ ਹੱਤਿਆਂ ਨਹੀਂ ਕਰਦਾ, ਨਾ ਹੀ ਉਹ ਗਲਤ ਸਾਧਨਾ ਨਾਲ ਧਨ ਕਮਾਉਂਦਾ ਹੈ। ਉਹ ਪਹਿਲੇ ਭਗਵਾਨ ਨੂੰ ਭੋਗ ਲਗਾਉਂਦਾ ਹੈ ਅਤੇ ਤਦ ਪ੍ਰਸ਼ਾਦ ਦੇ ਰੂਪ ਵਿਚ ਉਸ ਨੂੰ ਗ੍ਰਹਿਣ ਕਰਦਾ ਹੈ। ਭਗਵਾਨ ਦੁਆਰਾ ਸਵੀਕਾਰ ਕੀਤਾ ਹੋਇਆ ਭੋਜਨ ਉਸ ਦੇ ਮਨ ਨੂੰ ਸ਼ਾਂਤੀ ਤੇ ਪਵਿੱਤਰਤਾ ਦੇਂਦਾ ਹੈ, ਤਦੇ ਹੀ 'ਜੈਸਾ ਅੰਨ ਵੈਸਾ ਮੰਨ' ਦੀ ਕਹਾਵਤ ਅਨੁਸਾਰ ਉਸ ਦਾ ਮਨ ਸ਼ੁਧ ਹੁੰਦਾ ਹੈ ਅਤੇ ਉਸਦੀ ਕਾਮਨਾ ਕਲਿਆਣਕਾਰੀ ਅਤੇ ਭਾਵਨਾ ਸ਼ੁਭ ਬਣੀ ਰਹਿੰਦੀ ਹੈ।

ਹੋਰ ਮਹੱਤਵਪੂਰਣ ਥੰਮ੍ਹ ਹੈ- 'ਸਤਸੰਗ'। 'ਜੈਸਾ ਸੰਗ ਵੈਸਾ ਰੰਗ', ਇਸ ਕਹਾਵਤ ਦੇ ਅਨੁਸਾਰ ਯੋਗੀ ਸਦਾ ਇਸ ਗੱਲ ਦਾ ਧਿਆਨ ਰਖਦਾ ਹੈ ਕਿ ਉਸ ਦਾ ਸਦਾ 'ਸਤ-ਚਿੱਤ ਆਨੰਦਸਰੂਪ' ਪਰਮਾਤਮਾ ਦੇ ਨਾਲ ਹੀ ਸੰਗ ਬਣਿਆ ਰਹੇ। ਉਹ ਕਦੇ ਵੀ ਕੁਸੰਗ ਵਿਚ ਅਥਵਾ ਅਸ਼ਲੀਲ ਸਾਹਿਤ ਅਥਵਾ ਬੁਰੇ ਵਿਚਾਰਾਂ ਵਿਚ ਆਪਣਾ ਸਮਾਂ ਵਿਅਰਥ ਨਹੀਂ ਗੁਆਂਦਾ। ਉਹ ਇਕ ਹੀ ਪ੍ਰਭੂ ਦੀ ਯਾਦ ਜਾਂ ਲਗਨ ਵਿਚ ਮਗਨ ਰਹਿੰਦਾ ਹੈ। ਅਤੇ ਅਗਿਆਨੀ, ਝੂਠੇ ਅਭਿਮਾਨੀ ਅਥਵਾ ਵਿਕਾਰੀ, ਦੇਹਧਾਰੀ ਮਨੁੱਖਾਂ ਨੂੰ ਯਾਦ ਨਹੀਂ ਕਰਦਾ ਅਤੇ ਨਾ ਹੀ ਉਨ੍ਹਾਂ ਨਾਲ ਸਬੰਧ ਜੋੜਦਾ ਹੈ।

ਚੌਥਾ ਥੰਮ੍ਹ ਹੈ- ਦਿਵਯ ਗੁਣ। ਯੋਗੀ ਹਮੇਸ਼ਾਂ ਦੂਜੀਆਂ ਆਤਮਾਵਾਂ ਨੂੰ ਵੀ ਆਪਣੇ ਦੈਵੀ-ਗੁਣਾਂ, ਦੈਵੀ ਵਿਚਾਰ ਅਤੇ ਦਿਵਯ ਕਰਮਾਂ ਦੀ ਸੁਗੰਧ ਨਾਲ ਅਗਰਬੱਤੀ ਦੀ ਤਰ੍ਹਾਂ ਸੁਗੰਧਿਤ ਕਰਦਾ ਰਹਿੰਦਾ ਹੈ, ਨਾ ਕਿ ਆਸੁਰੀ ਸੁਭਾਅ, ਵਿਚਾਰ ਜਾਂ ਕਰਮਾਂ ਦੇ ਵਸ ਹੁੰਦਾ ਹੈ। ਨਿੰਮ੍ਰਤਾ, ਸੰਤੋਖ, ਪ੍ਰਸੰਨਤਾ, ਗੰਭੀਰਤਾ, ਅੰਤਰਮੁਖਤਾ, ਸਹਿਣਸ਼ੀਲਤਾ ਅਤੇ ਦੂਜੇ ਦੈਵੀ-ਗੁਣ ਯੋਗੀ ਦਾ ਮੁੱਖ ਅਧਾਰ ਹਨ। ਯੋਗੀ ਖੁਦ ਤਾਂ ਇਨ੍ਹਾਂ ਗੁਣਾਂ ਨੂੰ ਧਾਰਣ ਕਰਦਾ ਹੀ ਹੈ, ਨਾਲ ਹੀ ਦੂਜੀਆਂ ਦੁਖੀ, ਭੁੱਲੀਆਂ ਭਟਕੀਆਂ ਅਤੇ ਅਸ਼ਾਂਤ ਆਤਮਾਵਾਂ ਨੂੰ ਵੀ ਆਪਣੇ ਗੁਣਾਂ ਦਾ ਦਾਨ ਕਰਦਾ ਹੈ ਅਤੇ ਉਨ੍ਹਾਂ ਦੇ ਜੀਵਨ ਵਿਚ ਸੱਚੀ ਸੁਖ-ਸ਼ਾਂਤੀ ਬਖਸ਼ਦਾ ਹੈ। ਇਨ੍ਹਾਂ ਨਿਯਮਾਂ ਦੇ ਪਾਲਨ ਕਰਨ ਨਾਲ ਹੀ ਮਨੁੱਖ ਸੱਚਾ ਯੋਗੀ ਜੀਵਨ ਬਣਾ ਸਕਦਾ ਹੈ ਅਤੇ ਰੋਗ, ਸ਼ੋਕ, ਦੁਖ ਤੇ ਅਸ਼ਾਂਤੀ ਰੂਪੀ ਭੂਤਾਂ ਦੇ ਬੰਧਨ ਤੋਂ ਛੁਟਕਾਰਾ ਪਾ ਸਕਦਾ ਹੈ।

# ਰਾਜਯੋਗ ਤੋਂ ਪ੍ਰਾਪਤੀ : ਅੱਠ ਸ਼ਕਤੀਆਂ

ਰਾਜਯੋਗ ਦੇ ਅਭਿਆਸ ਨਾਲ, ਅਰਥਾਤ ਮਨ ਦਾ ਨਾਤਾ ਪਰਮਪਿਤਾ ਪਰਮਾਤਮਾ ਨਾਲ ਜੋੜਨ ਨਾਲ, ਅਵਿਨਾਸ਼ੀ ਸੁੱਖ-ਸ਼ਾਂਤੀ ਦੀ ਪ੍ਰਾਪਤੀ ਤਾਂ ਹੁੰਦੀ ਹੀ ਹੈ, ਨਾਲ ਹੀ ਕਈ ਪ੍ਰਕਾਰ ਦੀਆਂ ਅਧਿਆਤਮਕ ਸ਼ਕਤੀਆਂ ਵੀ ਆ ਜਾਂਦੀਆਂ ਹਨ। ਇਨ੍ਹਾਂ ਵਿਚੋਂ ਅੱਠ ਮੁੱਖ ਅਤੇ ਬਹੁਤ ਹੀ ਮਹੱਤਵਪੂਰਣ ਹਨ।

ਇਨ੍ਹਾਂ ਵਿਚੋਂ ਇਕ ਹੈ 'ਸਿਕੋੜਨ ਅਤੇ ਫੈਲਾਉਣ ਦੀ ਸ਼ਕਤੀ' ਜਿਵੇਂ ਕੱਛੂ ਆਪਣੇ ਅੰਗਾਂ ਨੂੰ ਜਦੋਂ ਚਾਹੇ ਸਿਕੋੜ ਲੈਂਦਾ ਹੈ, ਜਦੋਂ ਚਾਹੇ ਉਨ੍ਹਾਂ ਨੂੰ ਫੈਲਾ ਲੈਂਦਾ ਹੈ, ਤਿਵੇਂ ਹੀ ਰਾਜਯੋਗੀ ਜਦੋਂ ਚਾਹੇ ਆਪਣੀ ਇੱਛਾ ਅਨੁਸਾਰ ਆਪਣੀਆਂ ਕਰਮਇੰਦ੍ਰੀਆਂ ਦੁਆਰਾ ਕਰਮ ਕਰਦਾ ਹੈ ਅਤੇ ਜਦੋਂ ਚਾਹੇ ਵਿਦੇਹੀ ਅਤੇ ਸ਼ਾਂਤ ਅਵਸਥਾ ਵਿਚ ਰਹਿ ਸਕਦਾ ਹੈ। ਇਸ ਪ੍ਰਕਾਰ ਦੀ ਵਿਦੇਹੀ ਅਵਸਥਾ ਵਿਚ ਰਹਿਣ ਨਾਲ ਉਸ ਤੇ ਮਾਇਆ ਦਾ ਵਾਰ ਨਹੀਂ ਹੁੰਦਾ।

ਦੂਜੀ ਸ਼ਕਤੀ ਹੈ- 'ਸਮੇਟਨ ਦੀ ਸ਼ਕਤੀ'। ਇਸ ਸੰਸਾਰ ਨੂੰ ਮੁਸਾਫਰਖਾਨਾ ਤਾਂ ਸਾਰੇ ਕਹਿੰਦੇ ਹਨ ਲੇਕਿਨ ਵਿਵਹਾਰਕ ਜੀਵਨ ਵਿਚ ਉਹ ਇਤਨਾ ਵਿਸਥਾਰ ਕਰ ਲੈਂਦੇ ਹਨ ਕਿ ਆਪਣੇ ਕਾਰਜ ਅਤੇ ਬੁੱਧੀ ਨੂੰ ਸਮੇਟਨਾ ਚਾਹੁੰਦੇ ਹੋਏ ਵੀ ਸਮੇਟ ਨਹੀਂ ਸਕਦੇ, ਜਦਕਿ ਯੋਗੀ ਆਪਣੀ ਬੁੱਧੀ ਨੂੰ ਇਸ ਵਿਸ਼ਾਲ ਦੁਨੀਆਂ ਵਿਚ ਨਾ ਫ਼ੈਲਾ ਕੇ ਇਕ ਪਰਮਪਿਤਾ ਪਰਮਾਤਮਾ ਦੀ ਅਤੇ ਆਤਮਕ ਸੰਬੰਧ ਦੀ ਯਾਦ ਵਿਚ ਹੀ ਆਪਣੀ ਬੁੱਧੀ ਲਗਾਏ ਰੱਖਦਾ ਹੈ। ਉਹ ਕਲਿਜੁਗੀ ਸੰਸਾਰ ਵਿਚ ਆਪਣੀ ਬੁੱਧੀ ਅਤੇ ਸੰਕਲਪਾਂ ਦਾ ਬਿਸਤਰ ਤੇ ਪੇਟੀ ਸਮੇਟ ਕੇ ਸਦਾ ਆਪਣੇ ਘਰ-ਪਰਮਧਾਮ ਵਿਚ ਚਲਣ ਨੂੰ ਤਿਆਰ ਰਹਿੰਦਾ ਹੈ। ਤੀਜੀ ਸ਼ਕਤੀ ਹੈ-'ਸਹਿਨ ਸ਼ਕਤੀ'। ਜਿਵੇਂ ਬ੍ਰਿਛ ਪੱਥਰ ਮਾਰਨ ਤੇ ਵੀ ਮਿੱਠੇ ਫਲ ਦੇਂਦਾ ਹੈ ਅਤੇ ਅਪਕਾਰ ਕਰਨ ਵਾਲੇ ਨਾਲ ਵੀ ਉਪਕਾਰ ਕਰਦਾ ਹੈ, ਤਿਵੇਂ ਹੀ ਇਕ ਯੋਗੀ ਵੀ ਅਪਕਾਰ ਕਰਨ ਵਾਲਿਆਂ ਪ੍ਰਤੀ ਸਦਾ ਸ਼ੁਭ ਭਾਵਨਾ ਅਤੇ ਸ਼ੁਭ ਕਾਮਨਾ ਰਖਦਾ ਹੈ।


ਯੋਗ ਤੋਂ ਜੋ ਚੌਥੀ ਸ਼ਕਤੀ ਪ੍ਰਾਪਤ ਹੁੰਦੀ ਹੈ ਉਹ ਹੈ-'ਸਮਾਉਣ ਦੀ ਸ਼ਕਤੀ'। ਯੋਗ ਦਾ ਅਭਿਆਸ ਮਨੁੱਖ ਦੀ ਬੁੱਧੀ ਨੂੰ ਵਿਸ਼ਾਲ ਬਣਾ ਦੇਂਦਾ ਹੈ ਅਤੇ ਮਨੁੱਖ ਗੰਭੀਰਤਾ ਅਤੇ ਮਰਿਆਦਾ ਦਾ ਗੁਣ ਧਾਰਣ ਕਰਦਾ ਹੈ। ਥੋੜ੍ਹੀ ਜਿਹੀ ਖੁਸ਼ੀ ਜਾਂ ਮਾਨ-ਪਦ ਪਾ ਕੇ ਉਹ ਅਭਿਮਾਨੀ ਨਹੀਂ ਬਣ ਜਾਂਦਾ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਕਮੀ ਆਉਣ ਤੇ ਜਾਂ ਨੁਕਸਾਨ ਹੋਣ ਤੇ ਉਹ ਦੁਖੀ ਹੁੰਦਾ ਹੈ। ਉਹ ਤਾਂ ਸਮੁੰਦਰ ਦੀ ਤਰ੍ਹਾਂ ਸਦਾ ਆਪਣੇ ਦੈਵੀ ਕੁਲ ਦੀ ਮਰਿਆਦਾ ਵਿਚ ਬੰਨ੍ਹਿਆ ਰਹਿੰਦਾ ਹੈ ਅਤੇ ਗੰਭੀਰ ਅਵਸਥਾ ਵਿਚ ਰਹਿ ਕੇ ਦੂਜੀਆਂ ਆਤਮਾਵਾਂ ਦੇ ਅਵਗੁਣਾਂ ਨੂੰ ਨਾ ਦੇਖਦੇ ਹੋਏ ਸਿਰਫ਼ ਉਨ੍ਹਾਂ ਤੋਂ ਗੁਣ ਹੀ ਧਾਰਣ ਕਰਦਾ ਹੈ।

ਯੋਗ ਤੋਂ ਹੋਰ ਸ਼ਕਤੀ ਜੋ ਮਿਲਦੀ ਹੈ, ਉਹ ਹੈ 'ਪਰਖਣ ਦੀ ਸ਼ਕਤੀ'। ਜਿਵੇਂ ਇਕ ਪਾਰਖੀ (ਜੌਹਰੀ) ਗਹਿਣਿਆਂ ਨੂੰ ਕਸੌਟੀ ਤੇ ਪਰਖ ਕੇ ਉਸ ਦੀ ਅਸਲ ਅਤੇ ਨਕਲ ਨੂੰ ਜਾਣ ਜਾਂਦਾ ਹੈ, ਤਿਵੇਂ ਹੀ ਯੋਗੀ ਵੀ, ਕਿਸੇ ਵੀ ਮਨੁੱਖਾਤਮਾ ਦੇ ਸੰਪਰਕ ਵਿਚ ਆਉਣ ਨਾਲ ਉਸ ਨੂੰ ਪਰਖ ਲੈਂਦਾ ਹੈ ਅਤੇ ਉਸ ਕੋਲੋਂ ਸੱਚਾਈ ਜਾਂ ਝੂਠ ਕਦੇ ਵੀ ਛਿਪਿਆ ਨਹੀਂ ਰਹਿ ਸਕਦਾ। ਉਹ ਤਾਂ ਹਮੇਸ਼ਾਂ ਸੱਚੇ ਗਿਆਨ-ਰਤਨਾਂ ਨੂੰ ਹੀ ਅਪਨਾਉਂਦਾ ਹੈ ਅਤੇ ਅਗਿਆਨਤਾ ਦੇ ਝੂਠੇ ਰੋੜੇ-ਪੱਥਰਾਂ ਵਿਚ ਆਪਣੀ ਬੁੱਧੀ ਨਹੀਂ ਫਸਾਂਦਾ।

ਇਕ ਯੋਗੀ ਨੂੰ ਮਹਾਨ 'ਨਿਰਣਾ ਸ਼ਕਤੀ' ਵੀ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੀ ਹੈ। ਉਹ ਗ਼ਲਤ ਅਤੇ ਠੀਕ ਗੱਲ ਦਾ ਜਲਦੀ ਹੀ ਨਿਰਣਾ ਕਰ ਲੈਂਦਾ ਹੈ। ਉਹ ਵਿਅਰਥ ਸੰਕਲਪ ਅਤੇ ਪਰਚਿੰਤਨ ਤੋਂ ਮੁਕਤ ਹੋ ਕੇ ਸਦਾ ਪ੍ਰਭੂ-ਚਿੰਤਨ ਵਿਚ ਰਹਿੰਦਾ ਹੈ। ਯੋਗ ਦੇ ਅਭਿਆਸ ਨਾਲ ਮਨੁੱਖ ਨੂੰ 'ਸਾਹਮਣਾ ਕਰਨ ਦੀ ਸ਼ਕਤੀ' ਵੀ ਪ੍ਰਾਪਤ ਹੁੰਦੀ ਹੈ। ਜੇਕਰ ਉਸ ਦੇ ਸਾਹਮਣੇ ਆਪਣੇ ਨੇੜੇ ਦੇ ਸੰਬੰਧੀ ਦੀ ਮਿਰਤੂ ਜਿਹੀ ਆਪਦਾ ਆ ਵੀ ਜਾਵੇ ਅਥਵਾ ਸੰਸਾਰਕ ਸਮੱਸਿਆਵਾ ਤੂਫ਼ਾਨ ਦਾ ਰੂਪ ਧਾਰਣ ਵੀ ਕਰ ਲੈਣ ਤਾਂ ਵੀ ਉਹ ਕਦੀ ਘਬਰਾਉਂਦਾ ਨਹੀਂ ਅਤੇ ਉਸਦਾ ਆਤਮਾ ਰੂਪੀ ਦੀਪਕ ਹਮੇਸ਼ਾਂ ਹੀ ਜਲਦਾ ਰਹਿੰਦਾ ਹੈ ਅਤੇ ਦੂਜੀਆਂ ਆਤਮਾਵਾਂ ਨੂੰ ਗਿਆਨ-ਪ੍ਰਕਾਸ਼ ਦੇਂਦਾ ਰਹਿੰਦਾ ਹੈ।

ਹੋਰ ਸ਼ਕਤੀ, ਜਿਹੜੀ ਯੋਗ ਦੇ ਅਭਿਆਸ ਦੇ ਨਾਲ ਪ੍ਰਾਪਤ ਹੁੰਦੀ ਹੈ, ਉਹ ਹੈ 'ਸਹਿਯੋਗ ਦੀ ਸ਼ਕਤੀ' । ਇਕ ਯੋਗੀ ਆਪਣੇ ਤਨ, ਮਨ, ਧਨ ਨਾਲ ਤਾਂ ਈਸ਼ਵਰੀ ਸੇਵਾ ਕਰਦਾ ਹੀ ਹੈ, ਨਾਲ ਹੀ ਉਸਨੂੰ ਹੋਰ ਆਤਮਾਵਾਂ ਦਾ ਵੀ ਸਹਿਯੋਗ ਆਪਣੇ ਆਪ ਪ੍ਰਾਪਤ ਹੋ ਜਾਂਦਾ ਹੈ, ਜਿਸ ਕਾਰਣ ਉਹ ਕਲਿਜੁਗੀ ਪਹਾੜ (ਵਿਕਾਰੀ ਸੰਸਾਰ) ਨੂੰ ਉਠਾਉਣ ਵਿਚ ਆਪਣੀ ਪਵਿੱਤਰ ਜੀਵਨ ਰੂਪੀ ਉਂਗਲੀ ਦੇ ਕੇ ਸਵਰਗ ਦੀ ਸਥਾਪਨਾ ਦੇ ਕਾਰਜ ਵਿਚ ਸਹਿਯੋਗੀ ਬਣ ਜਾਂਦਾ ਹੈ।

# ਰਾਜਯੋਗ ਤੋਂ ਪ੍ਰਾਪਤੀ : ਅੱਠ ਸ਼ਕਤੀਆਂ



# ਯਾਦ ਦੀ ਯਾਤਰਾ ਨਾਲ ਸਵਰਗ ਦੀ ਪ੍ਰਾਪਤੀ



# ਰਾਜਯੋਗ ਦੀ ਯਾਤਰਾ-ਸਵਰਗ ਵੱਲ ਦੌੜ

ਰਾਜਯੋਗ ਦੇ ਨਿਰੰਤਰ ਅਭਿਆਸ ਨਾਲ ਮਨੁੱਖ ਨੂੰ ਅਨੇਕ ਪ੍ਰਕਾਰ ਦੀਆਂ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਸ਼ਕਤੀਆਂ ਦੁਆਰਾ ਹੀ ਮਨੁੱਖ ਸੰਸਾਰਕ ਰੁਕਾਵਟਾਂ ਨੂੰ ਪਾਰ ਕਰਦਾ ਹੋਇਆ ਅਧਿਆਤਮਕ ਮਾਰਗ ਵੱਲ ਵੱਧਦਾ ਹੈ। ਅੱਜ ਮਨੁੱਖ ਅਨੇਕ ਪ੍ਰਕਾਰ ਦੇ ਰੋਗ, ਸ਼ੋਕ, ਚਿੰਤਾ ਅਤੇ ਪਰੇਸ਼ਾਨੀਆਂ ਨਾਲ ਪੀੜਤ ਹੈ ਅਤੇ ਇਹ ਸ੍ਰਿਸ਼ਟੀ ਹੀ ਘੋਰ ਨਰਕ ਬਣ ਚੁਕੀ ਹੈ। ਇਸ 'ਚੋ ਨਿਕਲ ਕੇ ਸਵਰਗ ਵਿਚ ਜਾਣਾ ਹਰ-ਇਕ ਪ੍ਰਾਣੀ ਚਾਹੁੰਦਾ ਹੈ ਲੇਕਿਨ ਨਰਕ ਤੋਂ ਸਵਰਗ ਜਾਣ ਦਾ ਰਸਤਾ ਕਈ ਰੁਕਾਵਟਾਂ ਨਾਲ ਭਰਿਆ ਹੋਇਆ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉਸ ਦੇ ਰਸਤੇ ਵਿਚ ਮੁੱਖ ਰੁਕਾਵਟ ਪਾਉਂਦੇ ਹਨ। ਪੁਰਸ਼ੋਤਮ ਸੰਗਮਜੁਗ ਵਿਚ ਗਿਆਨ ਸਾਗਰ ਪਰਮਾਤਮਾ ਸ਼ਿਵ ਜੋ ਸਹਿਜ ਰਾਜਯੋਗ ਦੀ ਸਿਖਿਆ ਪ੍ਰਜਾਪਿਤਾ ਬ੍ਰਹਮਾ ਦੁਆਰਾ ਦੇ ਰਹੇ ਹਨ, ਉਸ ਨੂੰ ਧਾਰਨ ਕਰਨ ਨਾਲ ਹੀ ਮਨੁੱਖ ਇਨ੍ਹਾਂ ਪ੍ਰਬਲ ਸ਼ਤਰੂਆਂ (ਪੰਜ ਵਿਕਾਰਾਂ) ਨੂੰ ਜਿੱਤ ਸਕਦਾ ਹੈ।

ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਨਕਰ ਤੋਂ ਸਵਰਗ 'ਚ ਜਾਣ ਲਈ ਪਹਿਲਾਂ ਮਨੁੱਖ ਨੂੰ ਕਾਮ ਵਿਕਾਰ ਦੀ ਉੱਚੀ ਦੀਵਾਰ ਨੂੰ ਪਾਰ ਕਰਨਾ ਪੈਂਦਾ ਹੈ ਜਿਸ ਵਿਚ ਨੁਕੀਲੇ ਸ਼ੀਸ਼ੇ ਲੱਗੇ ਹੋਏ ਹਨ। ਇਸ ਨੂੰ ਪਾਰ ਕਰਨ ਵਿਚ ਕਈ ਵਿਅਕਤੀ ਦੇਹ ਅਭਿਮਾਨ ਦੇ ਕਾਰਨ ਸਫ਼ਲਤਾ ਨਹੀਂ ਪਾ ਸਕਦੇ ਹਨ ਅਤੇ, ਇਸ ਲਈ ਨੁਕੀਲੇ ਸ਼ੀਸ਼ੇ ਤੇ ਡਿੱਗ ਕੇ ਲਹੂ-ਲੁਹਾਨ ਹੋ ਜਾਂਦੇ ਹਨ। ਵਿਕਾਰੀ ਦ੍ਰਿਸ਼ਟੀ, ਕ੍ਰਿਤੀ, ਵਿਰਤੀ ਹੀ ਮਨੁੱਖ ਨੂੰ ਇਸ ਦੀਵਾਰ ਨੂੰ ਪਾਰ ਨਹੀਂ ਕਰਨ ਦੇਂਦੀ। ਇਸ ਲਈ ਪਵਿੱਤਰ ਦ੍ਰਿਸ਼ਟੀ (Civil Eye) ਬਣਾਉਣਾ ਇਨ੍ਹਾਂ ਵਿਕਾਰਾਂ ਨੂੰ ਜਿੱਤਣ ਦੇ ਲਈ ਅਤੀ ਜ਼ਰੂਰੀ ਹੈ।

ਦੂਜਾ ਭਿਅੰਕਰ ਵਿਘਨ ਕ੍ਰੋਧ ਰੂਪੀ ਅਗਨੀ-ਚੱਕਰ ਹੈ। ਕ੍ਰੋਧ ਦੇ ਵਸ ਹੋ ਕੇ ਮਨੁੱਖ ਸੱਚ ਅਤੇ ਝੂਠ ਦੀ ਪਹਿਚਾਨ ਵੀ ਨਹੀਂ ਕਰ ਸਕਦਾ ਅਤੇ ਨਾਲ ਹੀ ਉਸ ਵਿਚ ਈਰਖਾ ਵੈਰ-ਵਿਰੋਧ, ਨਫ਼ਰਤ ਆਦਿ ਵਿਕਾਰਾਂ ਦਾ ਪ੍ਰਵੇਸ਼ ਹੋ ਜਾਂਦਾ ਹੈ ਜਿਸ ਦੀ ਅੱਗ ਵਿਚ ਉਹ ਖ਼ੁਦ ਤਾਂ ਜਲਦਾ ਹੀ ਹੈ ਨਾਲ ਹੀ ਦੂਜੇ ਮਨੁੱਖਾਂ ਨੂੰ ਵੀ ਜਲਾਉਂਦਾ ਹੈ। ਇਸ ਰੁਕਾਵਟ ਨੂੰ ਪਾਰ ਕਰਨ ਦੇ ਲਈ 'ਸਵਧਰਮ' ਅਰਥਾਤ ਮੈਂ ਆਤਮਾ ਸ਼ਾਂਤਸਰੂਪ ਹਾਂ.... ਇਸ ਸਥਿਤੀ ਵਿਚ ਸਥਿਤ ਹੋਣਾ ਬਹੁਤ ਜ਼ਰੂਰੀ ਹੈ। ਲੋਭ ਵੀ ਮਨੁੱਖ ਨੂੰ ਉਸਦੇ ਸੱਚੇ ਮਾਰਗ ਤੋਂ ਦੂਰ ਹਟਾਉਣ ਦੇ ਲਈ ਰਸਤੇ ਵਿਚ ਖੜਾ ਹੈ। ਲੋਭੀ ਮਨੁੱਖ ਨੂੰ ਕਦੀ ਵੀ ਸ਼ਾਂਤੀ ਨਹੀਂ ਮਿਲ ਸਕਦੀ ਅਤੇ ਉਹ ਮਨ ਨੂੰ ਪਰਮਾਤਮਾ ਦੀ ਯਾਦ ਵਿਚ ਨਹੀਂ ਟਿਕਾ ਸਕਦਾ। ਇਸ ਲਈ ਸਵਰਗ ਦੀ ਪ੍ਰਾਪਤੀ ਦੇ ਲਈ ਮਨੁੱਖ ਨੂੰ ਧਨ ਜਾਂ ਖ਼ਜਾਨੇ ਦੀ ਲਾਲਚ ਅਤੇ ਸੋਨੇ ਦੀ ਚਮਕ ਦੀ ਖਿੱਚ ਤੇ ਵੀ ਜਿੱਤ ਪਾਉਣੀ ਹੈ।

ਮੋਹ ਵੀ ਇਕ ਇਸ ਤਰ੍ਹਾਂ ਦੀ ਰੁਕਾਵਟ ਹੈ ਕਿ ਜੋ ਜਾਲ ਦੀ ਤਰ੍ਹਾਂ ਖੜੀ ਰਹਿੰਦੀ ਹੈ। ਮਨੁੱਖ ਮੋਹ ਦੇ ਬੰਧਨ-ਵਸ, ਆਪਣੇ ਧਰਮ ਤੇ ਕਰਮ ਨੂੰ ਵੀ ਭੁੱਲ ਜਾਂਦਾ ਹੈ ਅਤੇ ਪੁਰਸ਼ਾਰਥ-ਹੀਨ ਬਣ ਜਾਂਦਾ ਹੈ। ਤਦੇ ਗੀਤਾ ਵਿਚ ਭਗਵਾਨ ਨੇ ਕਿਹਾ ਹੈ ਕਿ 'ਨਸ਼ਟੋਮੋਹਾ ਸਿਮਰਤੀਲਬਧਾ ਬਣੋ', ਅਰਥਾਤ ਦੇਹ ਸਹਿਤ ਦੇਹ ਦੇ ਸਾਰੇ ਸੰਬੰਧ ਦੇ ਮੋਹ-ਜਾਲ ਵਿਚੋਂ ਨਿਕਲ ਇਕ ਪਰਮਾਤਮਾ ਦੀ ਯਾਦ ਵਿਚ ਸਥਿਤ ਹੋ ਜਾਵੋ ਅਤੇ ਆਪਣੇ ਕਰਤੱਵ ਨੂੰ ਕਰੋ; ਇਸ ਨਾਲ ਹੀ ਸਵਰਗ ਦੀ ਪ੍ਰਾਪਤੀ ਹੋ ਸਕੇਗੀ। ਇਸ ਦੇ ਲਈ ਜ਼ਰੂਰੀ ਹੈ ਕਿ ਮਨੁੱਖਾਤਮਾ ਮੋਹ ਦੇ ਬੰਧਨਾਂ ਤੋਂ ਮੁਕਤੀ ਪਾਏ; ਤਦੇ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਮਿਲੇਗਾ ਅਤੇ ਸਵਰਗ ਦੀ ਪ੍ਰਾਪਤੀ ਹੋਵੇਗੀ।

ਹੰਕਾਰ ਵੀ ਮਨੁੱਖ ਦੀ ਉੱਨਤੀ ਦੇ ਰਸਤੇ ਵਿਚ ਪਹਾੜ ਦੀ ਤਰ੍ਹਾਂ ਰੁਕਾਵਟ ਪਾਉਂਦਾ ਹੈ। ਹੰਕਾਰੀ ਮਨੁੱਖ ਕਦੇ ਪਰਮਾਤਮਾ ਦੇ ਨਜ਼ਦੀਕ ਨਹੀਂ ਪਹੁੰਚ ਸਕਦਾ ਹੈ। ਹੰਕਾਰ-ਵਸ ਮਨੁੱਖ ਪਹਾੜ ਦੀ ਉੱਚੀ ਚੋਟੀ ਤੋਂ ਡਿੱਗਣ ਨਾਲ ਚਕਨਾਚੂਰ ਹੋ ਜਾਂਦਾ ਹੈ। ਇਸ ਲਈ ਸਵਰਗ ਵਿਚ ਜਾਣ ਲਈ ਹੰਕਾਰ ਨੂੰ ਵੀ ਜਿੱਤਣਾ ਅਤੀ ਜ਼ਰੂਰੀ ਹੈ। ਇਸ ਲਈ ਯਾਦ ਰਹੇ ਕਿ ਇਨ੍ਹਾਂ ਵਿਕਾਰਾਂ ਤੇ ਜਿੱਤ ਪ੍ਰਾਪਤ ਕਰਕੇ ਮਨੁੱਖ ਤੋਂ ਦੇਵਤਾ ਬਨਣ ਵਾਲੇ ਨਰ-ਨਾਰੀ ਹੀ ਸਵਰਗ ਵਿਚ ਜਾ ਸਕਦੇ ਹਨ ਨਹੀਂ ਤਾਂ ਹਰੇਕ ਵਿਅਕਤੀ ਦੇ ਮਰਨ ਤੋਂ ਬਾਅਦ ਇਹ ਜੋ ਕਹਿ ਦਿਤਾ ਜਾਂਦਾ ਹੈ ਕਿ 'ਉਹ ਸਵਰਗਵਾਸੀ ਹੋਇਆ, ਇਹ ਬਿਲਕੁਲ ਗਲਤ ਹੈ। ਜੇਕਰ ਹਰ ਕੋਈ ਮਰਨ ਦੇ ਬਾਅਦ ਸਵਰਗ ਜਾ ਰਿਹਾ ਹੁੰਦਾ ਤਾਂ ਜਨ-ਸੰਖਿਆ ਘਟ ਹੋ ਜਾਂਦੀ ਅਤੇ ਸਵਰਗ ਵਿਚ ਭੀੜ ਲਗ ਜਾਂਦੀ ਅਤੇ ਮਿਰਤਕ ਦੇ ਸੰਬੰਧੀ ਮਾਤਮ ਨਾ ਕਰਦੇ।

# ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ ਵਿਦਿਆਲਾ

**ਹੈਡ-ਆਫਸ : ਪਾਂਡਵ ਭਵਨ, ਮਾਊਂਟ ਆਬੂ (ਰਾਜ:) 307501**

**ਫੋਨ 02974-38261 ਤੋਂ 38268**

**ਗਿਆਨ ਸਰੋਵਰ ਵਿਦਿਆ ਪੀਠ**

**(ਅਕਾਡਮੀ ਫਾਰ ਏ ਬੈਟਰ ਵਰਲਡ)**

**ਸਾਲ ਗਾਓਂ, ਮਾਊਂਟ ਆਬੂ (ਰਾਜ:) 307501 ਫੋਨ 38788 ਤੋਂ 38791**

1. ਅੰਮ੍ਰਿਤਸਰ-143001, 44-ਏ ਲਾਰੰਸ ਰੋਡ, 0183-224599
2. ਅਬੋਹਰ-152116, 379-ਪੁਰਾਨਾ ਫਾਜਿਲਕਾ ਰੋਡ ਸਾਹਮਣੇ ਗਨੇਸ਼ ਫੈਕਟਰੀ 01634-22060
3. ਅੰਬਾਲਾ ਕੈਂਟ-133001, (1) ਸ਼ਾਂਤੀ ਧਾਮ, 36-37 ਬਬਿਆਲ ਰੋਡ ਦਿਆਲ ਬਾਗ, 0171-660402 (2) ਸਬਜ਼ੀ ਮੰਡੀ 0171-642202
4. ਅੰਬਾਲਾ ਸ਼ਹਿਰ-134002, 16 ਕੰਚ ਘਰ, 0171-530407
5. ਬਰਨਾਲਾ - 148101, ਕੱਚਾ ਕਾਲੇਜ ਰੋਡ, ਗਲੀ ਨੰ: 3, ਸ਼ਾਸ਼ਤ੍ਰੀ ਸਟਰੀਟ, ਨੇੜੇ ਐੱਸ.ਡੀ. ਕਾਲੇਜ ਗਰਾਊਂਡ, 01679-32217
6. ਬਟਾਲਾ-143505, ਭੰਡਾਰੀ ਗੇਟ, 01871-40587
7. ਬਠਿੰਡਾ-151001, ਰਾਜਯੋਗ ਭਵਨ, ਗਨੇਸ਼ ਬਸਤੀ, ਨੇੜੇ ਦੁਰਗਾ ਮੰਦਰ, 0164-211095
8. ਚੰਡੀਗੜ੍ਹ-160047, ਰਾਜਯੋਗ ਭਵਨ, ਸੈਕਟਰ 33-ਏ, 0172-601339
9. ਦਸੂਹਾ-144205, ਸ਼ਿਵ ਦਰਸ਼ਨ ਭਵਨ, ਇਮਲੀ ਚੌਂਕ, ਜ਼ਿਲਾ ਹੁਸ਼ਿਆਰਪੁਰ, 01883-43226
10. ਡਬਵਾਲੀ ਮੰਡੀ-125104, ਰਾਜਯੋਗ ਭਵਨ, ਵਾਰਡ ਨੰ. 4, ਬ੍ਰਹਮਾਕੁਮਾਰੀ ਸਟ੍ਰੀਟ, 01688-23655
11. ਫਿਰੋਜ਼ਪੁਰ ਕੈਂਟ-152001, ਮਕਾਨ ਨੰ: 181, ਬਜ਼ਾਰ ਨੰ: 2, 01632-45386
12. ਫਿਰੋਜ਼ਪੁਰ ਸ਼ਹਿਰ-152002, ਮਲਵਾਲ ਰੋਡ, ਨੇੜੇ ਜੋਸ਼ੀ ਪੈਲੇਸ, 01632-20979
13. ਫਰੀਦਕੋਟ-151203, ਕਾਮਿਆਨਾ ਗੇਟ ਬ੍ਰਹਮਾ ਕੁਮਾਰੀਜ਼ ਸਟ੍ਰੀਟ, ਕੈਂਟ ਰੋਡ, 01639-50114
14. ਗੁਰਦਾਸਪੁਰ-143521, 333/10, ਸਾਂਗਲਪੁਰਾ ਰੋਡ, 01874-22172
15. ਗਿਦੜਬਾਹਾ ਮੰਡੀ-152101, ਤਿਲਕ ਨਗਰ, ਗਲੀ ਨੰ: 1, 01637-31039
16. ਹੁਸ਼ਿਆਰਪੁਰ-146001, ਹਾਰਮਨੀ ਹਾਊਸ, ਜਗਤਪੁਰਾ ਮੁਹੱਲਾ ਗਲੀ ਨੰ: 1, 01882-21353
17. ਜਲੰਧਰ ਸ਼ਹਿਰ-144008, 407, ਆਦਰਸ਼ ਨਗਰ, ਕਪੂਰਥਲਾ ਰੋਡ, 0181-254376
18. ਲੁਧਿਆਣਾ-141001, 1167/9 ਬਸਤੀ ਰਾਜਪੁਰਾ, ਊਧਮ ਸਿੰਘ ਨਗਰ, ਨਿਊ D.M.C. ਰੋਡ ਸਿਵਲ ਲਾਈਨ, 0161-470429
19. ਮੋਗਾ-142001, ਰਾਮ ਗੰਜ ਰੋਡ, ਸਾਹਮਣੇ ਲੱਖੀ ਪੇਂਟਰ, 01636-24796
20. ਮਾਨਸਾ-151505, ਮਕਾਨ ਨੰ: 333/1 ਵਾਰਡ ਨੰ: 12 ਬ੍ਰਹਮਾ ਕੁਮਾਰੀ ਗਲੀ ਜਵਾਹਰਕੇ ਰੋਡ, 01652-20974
21. ਨਵਾਂ ਸ਼ਹਿਰ-144514, ਵੈਦ ਹੇਮ ਰਾਜ ਮੁਹੱਲਾ ਨੇੜੇ ਹੋਲੀ ਸੇਂਟ ਸਕੂਲ, 01823-20473
22. ਨਾਭਾ-147201, ਪਟਿਆਲਾ ਗੇਟ ਸੰਗਤ ਪੁਰਾ ਗਲੀ ਨੰ: 5, 01765-25582
23. ਪਠਾਨਕੋਟ-145001, ਸ਼ਿਵ ਜੋਤੀ ਭਵਨ, B-11/44-A, ਢਾਂਗੂ ਰੋਡ ਨੇੜੇ ਐਮਬੇਸੀ ਹੋਟਲ, 0186-22908
24. ਪਟਿਆਲਾ-147001, ਰਾਜਯੋਗ ਭਵਨ, ਮੋਦੀ ਕਾਲਜ ਦੇ ਪਿੱਛੇ, 0175-214190, 0175-219527
25. ਸ਼੍ਰੀ ਹਰਿਗੋਬਿੰਦਪੁਰ-143515, ਜ਼ਿਲਾ ਗੁਰਦਾਸਪੁਰ
26. ਰਾਜਪੁਰਾ ਟਾਊਨ-140401, ਵਰਦਾਨੀ ਭਵਨ, ਪਟੇਲ ਕਾਲੌਨੀ ਨੇੜੇ ਪਾਨੀ ਦੀ ਟੈਂਕੀ, 01762-25449

# गीता ज्ञान कब क्यों और किसके द्वारा दिया गया?

# GITA KNOWLEDGE – WHEN, WHY & BY WHOM?




अन्तर्मुखता
INTROVERTNESS
FEARLESSNESS
निर्भयता
PATIENCE
धैर्यता
PURITY
पवित्रता
HUMILITY
नम्रता
SWEETNESS
मधुरता
सहनशीलता
TOLERANCE
हर्षितमुखता
CHEERFULNESS
कमल पुष्प समान पवित्र बनो
दिव्य गुण
DIVINE VIRTUES